# ਅੰਮ੍ਰਿਤ ਕੀਰਤਨ

ਮਾਰਚ 2008

# Amrit Kirtan



ਆਨਰੇਰੀ ਸੰਪਾਦਕ
ਡਾ. ਜਾਗੀਰ ਸਿੰਘ

# ਅੰਮ੍ਰਿਤ ਕੀਰਤਨ

**ਸੰਗੀਤ ਅਤੇ ਕੀਰਤਨ ਸਬੰਧੀ ਤ੍ਰੈਭਾਸ਼ੀ ਮਾਸਿਕ ਪੱਤਰ**

ਅੰਕ 3 ◆ ਸਾਲ ਵੀਹਵਾਂ ◆ ਮਾਰਚ 2008



ਸੰਪਾਦਕ (ਆਨਰੇਰੀ)

**ਡਾ. ਜਾਗੀਰ ਸਿੰਘ**

ਐਮ.ਏ. (ਸੰਗੀਤ, ਪੰਜਾਬੀ, ਧਾਰਮਿਕ ਅਧਿਐਨ), ਪੀ.ਐਚ.ਡੀ

ਸਹਿਯੋਗੀ

**ਸ. ਹਰਭਜਨ ਸਿੰਘ ▲ ਸ. ਉੱਤਮ ਸਿੰਘ**



▲ ਲੇਖਾਂ ਵਿੱਚ ਪ੍ਰਗਟਾਏ ਵਿਚਾਰ ਲੇਖਕਾਂ ਦੇ ਨਿੱਜੀ ਹਨ। ਇਨ੍ਹਾਂ ਨਾਲ ਸੰਪਾਦਕ ਜਾਂ ਅੰਮ੍ਰਿਤ ਕੀਰਤਨ ਟ੍ਰਸਟ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।

▲ 'ਅੰਮ੍ਰਿਤ ਕੀਰਤਨ' ਡਾਇਰੈਕਟਰ ਸਿੱਖਿਆ ਵਿਭਾਗ ਪੰਜਾਬ, ਚੰਡੀਗੜ੍ਹ ਦੇ ਪੱਤਰ ਨੰ: 4.8.90 ਮਿਤੀ 20.2.91 ਅਨੁਸਾਰ ਰਾਜ ਦੇ ਸੀਨੀਅਰ ਸੈਕੰਡਰੀ ਸਕੂਲਾਂ ਦੀਆਂ ਲਾਇਬ੍ਰੇਰੀਆਂ ਲਈ ਪ੍ਰਵਾਨਿਤ ਹੈ।

▲ Donations are eligible for relief u/s 80 G of Income-Tax Act, 1961 (43 of 1961) vide CIT/ CHD/Tech./04-05/375 dated 30.04.2004/ 05.05.2004 valid upto 31.03.2007



**ਚੰਦੇ ਦਾ ਵੇਰਵਾ**

▲ **ਦੇਸ਼:** ਇਕ ਕਾਪੀ 15 ਰੁ., ਸਲਾਨਾ 150 ਰੁ. ਜੀਵਨ ਮੈਂਬਰ 1500 ਰੁ.

▲ **ਵਿਦੇਸ਼:** ਸਲਾਨਾ 30 $, ਜੀਵਨ ਮੈਂਬਰ 300 $

▲ 'ਅੰਮ੍ਰਿਤ ਕੀਰਤਨ' ਲਈ ਡਰਾਫਟ 'ਅੰਮ੍ਰਿਤ ਕੀਰਤਨ ਟ੍ਰਸਟ' ਦੇ ਨਾਮ ਹੀ ਭੇਜੇ ਜਾਣ ਜੀ।



**ਚਿੱਠੀ ਪੱਤਰ, ਰਚਨਾਵਾਂ ਅੰਤੇ ਚੰਦਾ ਭੇਜਣ ਲਈ ਪਤਾ**

ਸੰਪਾਦਕ, 'ਅੰਮ੍ਰਿਤ ਕੀਰਤਨ'

422, ਸੈਕਟਰ 15-ਏ, ਚੰਡੀਗੜ੍ਹ 160 015

**ਫੋਨ** : 0172-2772660, 098140 53630

e-mail: drjagirsingh@gmail.com



Computer Type Setting

sohal specials Phone: 98145 25351



ਡਾ. ਜਾਗੀਰ ਸਿੰਘ, ਪ੍ਰਧਾਨ 'ਅੰਮ੍ਰਿਤ ਕੀਰਤਨ ਟ੍ਰਸਟ' ਨੇ

ਸਿਰਜਣਾ ਪ੍ਰਿੰਟਰਜ਼ ਅਤੇ ਸਟੇਸ਼ਨਰਜ਼

ਐਸ.ਸੀ.ਐਫ. 107, ਫੇਜ਼-7, ਮੁਹਾਲੀ ਤੋਂ ਛਪਵਾ ਕੇ

422, ਸੈਕਟਰ 15-ਏ, ਚੰਡੀਗੜ੍ਹ ਤੋਂ ਪ੍ਰਕਾਸ਼ਿਤ ਕੀਤਾ


## ਇਸ ਅੰਕ ਵਿਚ


| | |
|---|---|
| **ਮਿਤ੍ਰ ਅਸਾਡੜੇ**<br>*ਪਾਠਕਾਂ ਦੇ ਪੱਤਰ* | 2 |
| **ਕਰਉ ਬੇਨੰਤੀਆ**<br>*ਸੰਪਾਦਕੀ* | 4 |
| ਨਾਨਕ ਹਰਿ ਕੀਰਤਨੁ ਕਰਿ<br>*ਕਰਤਾਰ ਸਿੰਘ ਨੀਲਧਾਰੀ* | 5 |
| ਮਹਾਨ ਕੋਸ਼-ਗੁਰਮਤਿ ਸੰਗੀਤ ਦਾ ਸਰੋਤ ਗ੍ਰੰਥ<br>-ਇਕ ਵਿਸ਼ਲੇਸ਼ਣ<br>*ਡਾ. ਜਾਗੀਰ ਸਿੰਘ* | 9 |
| ਗੁਰੂ ਰਾਮਦਾਸ ਜੀ ਦੀ ਬਾਣੀ-<br>ਇਕ ਅਧਿਐਨ ਗੁਰਮਤਿ ਸੰਗੀਤ ਦੇ ਸੰਦਰਭ ਵਿਚ<br>*ਇੰਦਰਪ੍ਰੀਤ ਕੌਰ ਐਮ. ਏ.* | 13 |
| **ਸਾਡੇ ਕੀਰਤਨੀਏ ਭਾਈ ਜਸਪਾਲ ਸਿੰਘ ਯੂ.ਐਸ.ਏ.**<br>*ਗੁਰਜੰਤ ਸਿਘ ਰਾਹੀ* | 16 |
| **ਕੀਰਤਨਕਾਰ ਬੀਬੀ ਲਵਪ੍ਰੀਤ ਕੌਰ ਖਾਲਸਾ**<br>*ਪ੍ਰੋ: ਮੰਗਤ ਸਿੰਘ ਮਸਤਾਨਾ* | 18 |
| **ਮੇਰੀ ਸੰਗੀਤ ਸਿਖਲਾਈ**<br>*ਬੀਬਾ ਵਰਿੰਦਰ ਕੌਰ ਜੀ* | 20 |
| THE SINGER<br>*Satjit Wadwa* | 22 |
| **ਸੁਰ ਲਿਪੀ**<br>*ਹਰਦੀਪ ਕੌਰ* | 23 |
| **ਸੁਰ ਲਿਪੀ ਵਾਲੇ ਸ਼ਬਦ ਦੇ ਅਰਥ** | 24 |

# ਮਿਤ੍ਰ ਅਸਾਡੜੇ ਸੇਈ

♦ ਬੇਨਤੀ ਹੈ ਕਿ ਮੈਂ 'ਅੰਮ੍ਰਿਤ ਕੀਰਤਨ' ਦਾ ਜੀਵਨ ਮੈਂਬਰ ਹਾਂ। ਮੇਰੀ ਮੈਂਬਰ ਸੰਖਿਆ L-4213 ਹੈ। ਮੇਰੀ ਟਰਾਂਸਫਰ ਹੋ ਗਈ ਹੈ। ਇਸ ਲਈ ਮੈਨੂੰ ਹੇਠ ਲਿਖੇ ਪਤੇ 'ਤੇ ਅੰਮ੍ਰਿਤ ਕੀਤਰਨ' ਭੇਜਿਆ ਜਾਵੇ। ਬੜੀ ਮਿਹਰਬਾਨੀ ਹੋਵੇਗੀ।

'ਅੰਮ੍ਰਿਤ ਕੀਰਤਨ' ਇਕ ਬਹੁਤ ਹੀ ਸ਼ਾਨਦਾਰ ਰਸਾਲਾ ਹੈ। ਇਸ ਵਿਚ ਗੁਰਮਤਿ ਸੰਗੀਤ ਦੇ ਨਾਲ ਨਾਲ ਗੁਰਮਤਿ ਵਿਚਾਰਾਂ ਬਹੁਤ ਲਾਭਦਾਇਕ ਹੁੰਦੀਆਂ ਹਨ। ਮੈਂ ਫੌਜ ਵਿਚ ਗੁਰਦੁਆਰੇ ਗ੍ਰੰਥੀ ਦੀ ਸੇਵਾ ਕਰ ਰਿਹਾ ਹਾਂ। ਹੋਰ ਜਵਾਨ ਵੀ ਇਸ ਪੱਤ੍ਰਿਕਾ ਤੋਂ ਲਾਭ ਲੈ ਰਹੇ [illegible]। ਰਸਾਲੇ ਵਿਚ ਦਿੱਤੀਆਂ ਨੋਟੇਸ਼ਨਾਂ ਕਰਕੇ ਕੀਰਤਨ ਦਾ ਆਨੰਦ ਮਾ[illegible] ਹੈ। ਸਾਰੇ ਲੇਖ ਜਾਣਕਾਰੀ ਭਰਪੂਰ ਹੁੰਦੇ ਹਨ। ਕਿਤਾਬਾਂ ਅਤੇ ਕੈਸਟਾਂ ਦੀ ਸਮੀ[illegible] ਸ਼ਲਾਘਾਯੋਗ ਉੱਦਮ ਹੈ। ਜਿਸ ਤੋਂ ਸਾਨੂੰ ਚੰਗੀਆਂ ਕਿਤਾਬਾਂ ਤੇ ਕੈਸਟਾਂ ਖਰੀਦਣ ਦਾ ਮੌਕਾ ਮਿਲਦਾ ਹੈ। ਵਾਹਿਗੁਰੂ 'ਅੰਮ੍ਰਿਤ ਕੀਰਤਨ' ਨੂੰ ਚੜ੍ਹਦੀ ਕਲਾ ਬਖਸ਼ਿਸ਼ ਕਰੇ।

*ਦਲਜੀਤ ਸਿੰਘ,*

♦ ਫਰਵਰੀ ਅੰਕ ਬੇਹੱਦ ਪਸੰਦ ਆਇਆ। ਕਰਉ ਬੇਨੰਤੀਆਂ ਡਾ. ਜਾਗੀਰ ਸਿੰਘ ਦੀ ਤਹਿਰੀਰ ਬੇਹੱਦ ਪਸੰਦ ਆਈ। ਡਾ. ਜਾਗੀਰ ਸਿੰਘ ਦਾ ਲੇਖ ਸਿੱਖ ਜੀਵਨ ਅਤੇ ਗੁਰਮਤਿ ਸੰਗੀਤ ਬਹੁਤ ਹੀ ਖੋਜ ਭਰਪੂਰ ਸੀ। ਕਰਤਾਰ ਸਿੰਘ ਨੀਲਧਾਰੀ ਦਾ ਲੇਖ ਕੀਰਤਨ -ਆਤਮ ਰਸ, ਗਿਆਨੀ ਗੁਰਵਿੰਦਰ ਸਿੰਘ ਦਾ ਲੇਖ ਸੰਗਰਾਂਦ ਦਾ ਮਹੱਤਵ, ਗੁਰਜੰਤ ਸਿੰਘ ਰਾਹੀ ਦਾ ਗੁਰਮਤਿ ਸੰਗੀਤ ਸਾਹਿਤ ਆਦਿਕ ਲੇਖ ਬਹੁਤ ਹੀ ਵਧੀਆ ਸਨ। ਬੀਬੀ ਸੁਰਪ੍ਰੀਤ ਕੌਰ ਦਾ ਲੇਖ ਤਬਲੇ ਦਾ ਜਾਦੂਗਰ ਉਸਤਾਦ ਅੱਲ ਰੱਖਾ ਖ਼ਾਨ, ਕੁਲਵਿੰਦਰ ਕੌਰ ਦਾ ਲੇਖ ਗਾਇਨ ਦਾ ਆਰੰਭਿਕ ਅਭਿਆਸ ਤਾਨਪੁਰੇ ਨਾਲ ਅਭਿਆਸ ਅਤੇ ਬੀਬੀ ਹਰਦੀਪ ਕੌਰ ਵੱਲੋਂ ਰਾਗ ਰਾਮਕਲੀ ਦੀ ਬੰਦਸ਼ ਤਿੰਨ ਤਾਲ ਵਿਚ ਅਤੇ ਸੁਰ ਲਿਪੀ ਵਾਲੇ ਸ਼ਬਦ ਦੇ ਅਰਥ ਬਹੁਤ ਹੀ ਕਾਬਲੇ ਤਾਰੀਫ਼ ਸੀ। ਬੀਬੀ ਸਤਨਾਮ ਕੌਰ ਗੁਰਬਾਣੀ ਕਲਾਸ ਮੁੰਬਈ ਦੇ ਵਿਚਾਰ ਵੀ ਚੰਗੇ ਸਨ।

ਪ੍ਰੋ: ਮੰਗਤ ਸਿੰਘ ਮਸਤਾਨਾ, ਮਲੋਟ

♦ ਜਨਵਰੀ 2008 ਪਰਚੇ ਵਿਚ ਕੀਰਤਨੀਆਂ ਦੀ ਇੰਟਰਵਿਊ ਲਈ 21 ਨੁਕਤੇ ਦੱਸੇ ਗਏ ਹਨ, ਕੁਝ ਨੁਕਤੇ ਹੋਰ ਵੀ ਜੋੜਨੇ ਲਾਹੇ ਵੰਦ ਹੋ ਸਕਦੇ ਹਨ ਜਿਵੇਂ:-

1 ਕੀਰਤਨੀਏ ਨੂੰ ਗਿਆਤ-ਸ਼ਾਸਤਰੀ ਰਾਗਾਂ ਦੀ ਗਿਣਤੀ?

2 ਕੀਰਤਨੀਏ ਨੂੰ ਗੁਰਮਤਿ ਰੀਤ ਕੀਰਤਨ ਦੀ ਸੂਝ ਸਿਖਲਾਈ ਹੈ ਜਾਂ ਨਹੀਂ। ਜੇ ਹੈ ਤਾਂ ਕਿਸ ਪੱਧਰ ਦੀ, ਕਿੰਨੇ ਸ਼ਬਦ ਤੇ ਰਾਗ।

3 ਕਿੰਨੇ ਸ਼ਬਦ ਕੰਠ ਹਨ?

4 ਕਿੰਨੀ ਬਾਣੀ ਕੰਠ ਹੈ? ਨਿਤਨੇਮ ਦੀ?

5 ਗੁਰਬਾਣੀ ਪਾਠ ਚਿੰਤਨ ਦਾ ਸ਼ੌਕ?

6 ਲਿਖਣ ਦਾ ਸ਼ੌਕ-ਲਿਖਿਆ ਛਪਿਆ?

7 ਆਰਥਿਕ-ਬ[illegible]

8 ਪਰਿਵਾਰ ਪੋਸ਼ਣ ਸੰਤੁਸ਼ਟੀ/ਗੁਜ਼ਾਰਾ

9 ਚੰਗੇ ਅਨੁਭਵ, 10 ਕਸੈਲੇ ਅਨੁਭਵ/ਸ਼ੋਭਾ/ ਸ਼ਰਮਿੰਦਗੀ

ਅੰਮ੍ਰਿਤ ਕੀਤਰਨ ਵਿਚ ਛਪੇ ਬੇਬਾਕ ਅਨੁਭਵ ਸੰਸਥਾਤਮਕ ਅਣਗਹਿਲੀ ਅਤੇ ਗਰੀਬਮਾਰ ਦੀ ਕਹਾਣੀ ਕਹਿੰਦੇ ਹਨ ਤਾਂ ਪਰ ਫੇਰ ਆਰਥਿਕ ਪੱਖੋਂ ਦਾ ਜਾਣਕਰੀ ਵੀ ਜ਼ਰੂਰੀ ਹੈ। ਅਰਥ (ਜੀਵਨ ਗੁਜ਼ਰਾਨ) ਅਤੇ ਕਾਮ (ਜੀਵਨ ਰਚਨਾ ਅਤੇ ਸਮਾਜਕ ਸਬੰਧ) ਧਰਮ/ਨਿਆਂਸ਼ੀ ਪ੍ਰਬੰਧ, ਵਿਵਹਾਰ ਤੇ ਭਾਵਨਾ ਨਾਲ) ਹੀ ਧਰਮ ਸੰਗਿਆ ਸਾਰਥਕ ਕਰਦੇ ਹਨ-ਟਿੱਢ ਵਿਚ ਨਾ ਪਈਆਂ ਰੋਟੀਆਂ, ਸਭੇ ਗੱਲਾਂ ਖੋਟੀਆਂ।

ਕਰਤਾਰ ਸਿੰਘ ਨੀਲਧਾਰੀ

♦ I wish to convey my thanks for the CD you sent us. I was stopped in front of my Bank while the CD was playing in the car. No. of people stopped hearing your Rohani Kirtan. Your balanced voice is so penetrating that people asked me who is singing.

*S.S. Sandhu, Ahmedabad*

♦ With due respect I beg to say that I have keen interested in Gurbani ਬਾਣੀ ਗੁਰੂ, ਗੁਰੂ ਹੈ ਬਾਣੀ, ਵਿਚ ਬਾਣੀ ਅੰਮ੍ਰਿਤ ਸਾਰੇ Even I am doing independent research on Gurbani & its usefulness in daily life on my own. Where the thinking of Science classes, for ahead from that thinking Rejection of Spiritualism starts. You are requested to send me specimen copy of "Amrit Kirtan" as given in notice of "The Sikh Review" August 2007 issue. I would be thankful to yor and obliged.

*Prof. Mohit Puri, Ludhiana*

♦ I recently attented a lecture programme in Pune at Guru Nanak Public School, in Guru Nanak Darbar, Camp. The lecture was given by Bibi Satnam Kaur (Gurbani Class Phone 98197 93357) in connection with her book "Daily Gurbani Ruitine". There were 2 age groups, small children about 3-6 years & 2nd group was between 7 to 15 years. I really apreciate the method in which she spoke to both the groups. She literally came down to their level. The children were very engrossed and with full concentration listening to her & actively took part in her talk.

The fact that she praised the children right at the beginning of the talk made them more co-operative, liking & positive. She praised them for patiently removeing their shoes, going up to the Gurudwara, bowing their heads & then patiently putting on their shoes. This act tells us not to be lazy & be ready at all times & of course it also teaches us patience which is utmost importance. She told the children, the importance of Gurbani and how important it is for us to attach ourselves to it and without it we would only get pain.

She made them repeat 3 lines from Gurbani. The first one is "Vidya Vichari Ta Parupkari" . She expalined the meaning to them & luckily the moto of the school is the some. Guruji says that the knowledge we get should be used in helpling others. Otherwise it is of no use. So it is up to us to neglect upon the knowledge we have & be a blessing to others.

The 2nd one is "Gurudware Jai Ta Sojhi Paisi". Meaning:- In the Gurudwara, when we go we get "Sojhi" meaning wisdom from the Lord. We bow our heads pray to him, give up our ego & take his words & practically live it up.

The 3rd line is "Akhi Vekh Na Rajia, Bahu rang Tamashe". Meaning:- Oh my eyes, you dont get tired of watching TV. Today's children are so attached to TV that addiction to this affect their lives at all levels. Auntyji explained very nicely & infact. She said some body wanted to present her a TV, should she take it or not. The children intelligently told not to accept TV as a gift from anyone.

Finally at the end, Children were told to repeat lines so that they never forget it ever. The teachers, the Principal Dr. Harminder Kaur also listened and were happy that children today are so lucky to get apportunities to attend such lectures which would benefit them in their day to day life.

Sumeet Kaur, Pune

# ਕੀ ਠੀਕ ਅਤੇ ਕੀ ਗਲਤ

ਮੁਬਾਈਲ ਫੋਨ ਤੇ ਅਨੇਕਾਂ ਸੁਨੇਹੇ ਆਉਂਦੇ ਹਨ। ਇਸ ਨਾਲ ਹੀ ਮਿੱਤਰਾਂ ਪਿਆਰਿਆਂ ਦੀ ਯਾਦ ਤਾਜ਼ਾ ਹੋ ਜਾਂਦੀ ਹੈ। ਪਿਛਲੇ ਦਿਨੀਂ ਇੱਕ ਸੁਨੇਹਾ ਆਇਆ–

Please do a favour for me to prepare an add- Post Graduate Girl-32,homly, not doing job at present. Demand is NRI guy, Indian with solid background. Divorcees without any issue can also approach. Important girl is manglik.

ਇਹ ਸੁਨੇਹਾ ਪੜ੍ਹਦਿਆਂ ਇਸ ਲੜਕੀ ਬਾਰੇ ਯਾਦਾਂ ਤਾਜ਼ਾ ਹੋ ਗਈਆਂ। ਇਸ ਨਾਲ ਮੇਰੀ ਮੁਲਾਕਾਤ ਪਿਛਲੇ ਸਾਲ ਹੋਈ ਸੀ। ਇਸ ਦਾ ਪਰਿਵਾਰ ਚੰਗਾ ਖਾਂਦਾ ਪੀਂਦਾ ਸੀ। ਅਚਾਨਕ ਪਿਤਾ ਦੀ ਮੌਤ ਹੋ ਗਈ। ਸਾਰੀ ਜਾਇਦਾਦ ਚਾਚਿਆਂ ਤਾਇਆਂ ਨੇ ਆਪਸ ਵਿੱਚ ਵੰਡ ਲਈ ਅਤੇ ਪਰਿਵਾਰ ਸੜਕ ਤੇ ਆ ਗਿਆ। ਇਹ ਲੜਕੀ ਘਰ ਵਿੱਚ ਵੱਡੀ ਸੀ ਇਸ ਦੀਆਂ ਛੋਟੀਆਂ ਦੋ ਭੈਣਾਂ ਤੇ ਇੱਕ ਭਰਾ ਹੈ। ਉਦੋਂ ਇਹ ਵਿਆਹੁਣ ਯੋਗ ਸੀ। ਪਰ ਇਸ ਨੇ ਵਿਆਹ ਨਾ ਕਰਾਉਣ ਦਾ ਫੈਸਲਾ ਕੀਤਾ। ਇਸ ਨੇ ਭਰਾ ਨੂੰ ਸੈਟਲ ਕੀਤਾ। ਭੈਣਾਂ ਦੇ ਵਿਆਹ ਕੀਤੇ। ਬਾਕੀ ਭੈਣ ਭਰਾ ਆਪੋ ਆਪਣੇ ਵਿੱਚ ਮਸਤ ਹੋ ਗਏ, ਕਿਸੇ ਨੇ ਇਸ ਵੱਲ ਧਿਆਨ ਨਾ ਦਿੱਤਾ ਕਿ ਇਸ ਨੂੰ ਵੀ ਕਿਸੇ ਦੇ ਸਾਥ ਦੀ ਲੋੜ ਹੈ। ਇਹ ਹਰ ਇੱਕ ਦੀ ਮਦਦ ਕਰਦੀ ਰਹੀ ਪਰ ਹੁਣ ਇਹ ਸਿਆਣੀ ਅਤੇ ਬਹਾਦਰ ਲੜਕੀ ਆਪ ਇੱਕਲੀ ਰਹਿ ਗਈ। ਉਸ ਨੂੰ ਆਪਣੇ ਜੀਵਨ ਦਾ ਮਕਸਦ ਲਭਣਾ ਔਖਾ ਹੋ ਗਿਆ ਹੈ। ਹੁਣ ਵਿਆਹ ਦੀ ਕੋਸ਼ਿਸ਼ ਕਰਦੀ ਹੈ ਪਰ ਵਰ ਨਹੀਂ ਮਿਲਦਾ। ਮੈਂ ਆਪਣੇ ਤੌਰ ਤੇ ਜਤਨ ਕਰਦਾ ਰਹਿੰਦਾ ਹਾਂ। ਅਜਕਲ੍ਹ ਉਹ ਡਿਪਰੈਸ਼ਨ ਵਿੱਚ ਹੈ। ਮੈਂ ਉਸ ਨੂੰ ਆਪਣੀ ਸਮਝ ਮੁਤਾਬਕ ਤਸੱਲੀਆਂ ਦਿੰਦਾ ਰਹਿੰਦਾ ਹਾਂ। ਨਾਲ ਹੀ ਸੋਚਦਾ ਰਹਿੰਦਾ ਹਾਂ ਕਿ ਇਸ ਨੇ ਕੋਈ ਗਲਤ ਕੰਮ ਤਾਂ ਨਹੀਂ ਕੀਤਾ ਇਸ ਨੇ ਘਰ ਵਿੱਚ ਵੱਡੇ ਹੋਣ ਦਾ ਫਰਜ਼ ਨਿਭਾਇਆ ਹੈ। ਪਰ ਸਾਡਾ ਸਮਾਜ ਤਾਂ ਇਹ ਨਹੀਂ ਦੇਖਦਾ। ਉਸ ਦਾ ਲੀਡਰਸ਼ਿਪ ਵਾਲਾ ਗੁਣ ਉਸ ਦਾ ਔਗੁਣ ਬਣ ਗਿਆ ਜਾਪਦਾ ਹੈ। ਹਰ ਕਿਸੇ ਨੂੰ ਦੱਬੂ ਨੂੰਹ ਅਤੇ ਦੱਬੂ ਪਤਨੀ ਚਾਹੀਦੀ ਹੈ। ਕਈ ਵਾਰ ਪਤਾ ਨਹੀਂ ਲੱਗਦਾ ਕੀ ਗਲਤ ਹੈ ਤੇ ਕੀ ਠੀਕ ਹੈ।

ਇਸੇ ਤਰ੍ਹਾਂ ਦੀ ਸਥਿਤੀ ਵਾਲੇ ਇੱਕ ਹੋਰ ਪਰਿਵਾਰ ਨੂੰ ਜਾਣਦਾ ਹਾਂ। ਇਸ ਪਰਿਵਾਰ ਵਿੱਚ ਵੱਡੀ ਲੜਕੀ ਦਾ ਵਿਆਹ ਹੋਣ ਵਾਲਾ ਸੀ ਕਿ ਅਚਾਨਕ ਮਾਤਾ ਦਾ ਦੇਹਾਂਤ ਹੋ ਗਿਆ । ਲੜਕੀ ਦੀਆਂ ਦੋ ਭੈਣਾਂ ਅਤੇ ਇੱਕ ਭਰਾ ਬਹੁਤ ਛੋਟਾ ਸੀ। ਪਿਤਾ ਬਜ਼ੁਰਗ। ਇਸ ਨੇ ਵੀ ਵਿਆਹ ਨਾ ਕਰਾਉਣ ਦਾ ਫੈਸਲਾ ਕਰ ਲਿਆ। ਜਦੋਂ ਬਾਕੀ ਭੈਣ ਭਰਾ ਵੱਡੇ ਹੋਏ ਤਾਂ ਉਹਨਾਂ ਦੇ ਵਿਆਹ ਦੀਆਂ ਗੱਲਾਂ ਹੋਣ ਲੱਗ ਪਈਆਂ। ਪਰ ਉਹ ਕਹਿੰਦੇ ਪਹਿਲਾਂ ਵੱਡੀ ਭੈਣ ਦਾ ਵਿਆਹ ਹੋਵੇਗਾ ਤਾਂ ਅਸੀਂ ਵਿਆਹ ਕਰਵਾਂਵਾਂਗੇ ਪਰ ਵੱਡੀ ਲੜਕੀ ਦੀ ਉਮਰ ਕਾਫੀ ਹੋ ਚੁਕੀ ਸੀ। ਉਸ ਲਈ ਕੋਈ ਵਰ ਨਹੀਂ ਮਿਲਿਆ। ਨਾ ਉਸ ਦਾ ਵਿਆਹ ਹੋਇਆ ਅਤੇ ਨਾ ਹੀ ਬਾਕੀਆਂ ਨੇ ਕਰਾਇਆ। ਹੁਣ ਇਹ ਪਰਿਵਾਰ ਇੱਕ ਵਿਸ਼ੇਸ਼ ਪ੍ਰਕਾਰ ਦਾ ਸੰਤਾਪ ਭੋਗ ਰਿਹਾ ਹੈ। ਜਦੋਂ ਉਸ ਪਰਿਵਾਰ ਬਾਰੇ ਗੱਲ ਹੁੰਦੀ ਹੈ ਤਾਂ ਕੋਈ ਉਹਨਾਂ ਨੂੰ ਗਲਤ ਕਹਿੰਦਾ ਹੈ ਕੋਈ ਭਾਣਾ ਮੰਨਣ ਦੀ ਗੱਲ ਕਰਦਾ ਹੈ । ਸਾਰੇ ਭੈਣ ਭਰਾ ਬਹੁਤ ਪੜ੍ਹੇ ਲਿਖੇ, ਸਿਆਣੇ ਸੂਝਵਾਨ ਮਿਲਾਪੜੇ ਸੁਭਾਅ ਦੇ ਹਨ। ਸ਼ਹਿਰ ਵਿੱਚ ਆਪਣਾ ਮਕਾਨ ਹੈ।

ਪਰ ਅਜਕਲ ਇਹ ਵੀ ਜੀਵਨ ਦਾ ਮਕਸਦ ਲਭਦੇ ਹੋਏ ਭਾਂਤ ਭਾਂਤ ਦੇ ਸੁਆਲਾਂ ਦਾ ਜਵਾਬ ਲਭਣ ਦੀ ਕੋਸ਼ਿਸ਼ ਕਰਦੇ ਹਨ। ਇਹਨਾਂ ਬਾਰੇ ਵੀ ਸਮਝ ਨਹੀਂ ਆਉਂਦਾ ਕਿ ਇਹਨਾਂ ਨੇਂ ਜੋ ਕੀਤਾ ਉਹ ਠੀਕ ਸੀ ਜਾਂ ਗਲਤ।

ਤੁਹਾਡਾ ਕੀ ਵਿਚਾਰ ਹੈ ?

# ਨਾਨਕ ਹਰਿ ਕੀਰਤਨੁ ਕਰਿ

## ਕਰਤਾਰ ਸਿੰਘ ਨੀਲਧਾਰੀ

*ਸਭਿ ਮਹਿ ਪੂਰਿ ਰਹੇ ਪਾਰਬ੍ਰਹਮ।*
*ਨਾਨਕ ਹਰਿ ਕੀਰਤਨੁ ਕਰਿ ਅਟਲ ਏਹੁ ਧਰਮ।*
ਗਉੜੀ ਪੰਜਵਾਂ-299

ਭਾਈ ਗੁਰਦਾਸ ਜੀ ਦੀ ਦੂਜੀ ਵਾਰ ਦੀ ਪਹਿਲੀ ਪਉੜੀ ਵਿਚ ਸ੍ਰਿਸ਼ਟੀ ਕਰਤਾ ਦੀ ਸਰਬਸ਼ਕਤੀ ਦੀ ਉਸਤਤਿ ਨਾਲ ਪ੍ਰਭੂ ਦੇ ਵਰਤਾਰੇ ਦਾ ਵਿਸ਼ੇਸ਼ ਠਿਕਾਨਾ ਸਤਿਸੰਗ ਵਿਚ ਪ੍ਰਗਟਾਇਆ ਗਿਆ ਹੈ।

*ਆਪੇ ਆਪ ਵਰਤਦਾ ਸਤਿ ਸੰਗਿ ਵਿਸੇਖੈ॥*

ਇਹ ਸ੍ਰਿਸ਼ਟੀ ਓਅੰਕਾਰ ਦੀ ਅਜਿਹੀ ਰਚਨਾ ਹੈ ਜਿਵੇਂ ਸ਼ੀਸ਼ੇ (ਆਇਨੇ) ਵਿਚ ਪ੍ਰਤੀਬਿੰਬ ਹੁੰਦਾ ਹੈ। ਉਸ ਦੀ ਆਪਣੀ ਮੌਜ ਦੇ ਪਰਛਾਵੇਂ ਤੇ ਸ਼ਾਸਤਰ ਫਲਸਫੇ ਹਨ ਤੇ ਉਹ ਉਹਨਾਂ ਦਾ ਵਰਤਾਰਾ ਦੇਖ ਰਿਹਾ ਹੈ। ਸੰਸਾਰ ਵਿਚ ਜਿਹੜਾ ਕਰਮ ਪਰਛਾਵਾਂ ਜਗਤ ਆਇਨੇ ਵਿਚੋਂ ਦੇਖਦਾ ਉਹ ਲੇਖ ਬਣ ਜਾਂਦੇ ਹਨ। ਹਸਦਾ ਸੰਤੋਖੀ ਮਨੁੱਖ ਖੇੜਾ ਦੇਖਦਾ ਹੈ ਅਤੇ ਤ੍ਰਿਸ਼ਨਾ ਮਾਰਿਆ ਆਪਣੀ ਰੋਣੀ ਸੂਰਤ ਹੀ ਵੇਖਦਾ ਹੈ। ਇਹ ਪ੍ਰਤੀਬਿੰਬ ਨਿਮਖ ਨਿਮਖ ਬਦਲਦੇ ਹਨ-ਮਨ ਨਾਲ। ਸੰਤਸੰਗ ਵਿਚ ਪ੍ਰਭੂ ਦਾ ਵਿਸ਼ੇਸ਼ ਮਿਹਰ ਵਰਤਾਰਾ ਰਹਿੰਦਾ ਹੈ। ਜਗਤ ਸ਼ੀਸ਼ਾ ਹੈ ਤੇ ਰਚਨਾ ਪ੍ਰਭੂ ਦਾ ਪ੍ਰਤੀਬਿੰਬ। ਕਿਉਂ ਕਿ ਸਾਰਾ ਕੁਝ ਉਸ ਦੇ ਹੁਕਮ ਵਿਚ ਹੈ ਪਰ ਮਨੁੱਖ ਮਨੋਬਿਰਤੀ ਦੀ ਸੁਤੰਤਰਤਾ ਮੰਨ ਕੇ ਆਪਣੀ ਮਾਨਸਿਕਤਾ ਅਨੁਸਾਰ ਸੰਸਾਰ ਵਿਚ ਆਪਣਾ ਅਕਸ ਬਣਾਂਦਾ ਹੈ। ਸ਼ਾਂਤੀ ਕੇਵਲ ਸਤਿ (ਪਰਮੇਸ਼ਰ) ਸੰਗ ਵਿਚੋਂ ਮਿਲਣੀ ਹੈ। ਸਤਿਸੰਗ ਉਹੀ ਹੈ ਜਿਥੇ ਸਤਿ (ਅਬਨਾਸੀ) ਦੀ ਉਸਤਤਿ-ਸਿਮਰਨ-ਸੇਵਾ ਹੋਵੇ।

*ਆਪੇ ਆਪ ਵਰਤਦਾ ਗੁਰਮੁਖਿ ਪਤੀਆਏ॥*

ਭਾਈ ਗੁਰਦਾਸ ਜੀ ਨੇ ਸਤਿਸੰਗ ਦੇ ਉਲੇਖ ਨਾਲ ਪਹਿਲੀ ਪਉੜੀ ਦੇ ਅਖੀਰ ਵਿਚ ਪ੍ਰਭੂ ਦੀ ਨੇੜਲੀ ਪਹੁੰਚ ਸਤਿਸੰਗ ਨਾਲ ਜੋੜੀ ਹੈ। ਗੁਰੂ ਘਰ ਵਿਚ ਸਤਿਸੰਗ ਦੇ ਸਾਰੇ ਵਿਸਤਾਰੀ ਰੂਪ ਨੂੰ ਕੀਰਤਨ (ਸਾਜ-ਧੁਨੀ) ਸੰਗੀਤ ਨਾਲ ਪ੍ਰਭੂ ਉਸਤਤਿ ਦੇ ਗੀਤ ਗਾਇਨ ਨੂੰ ਸਿਰਮੌਰ ਭਗਤੀ ਦੱਸਿਆ ਹੈ। ਇਸ ਦੀ ਲੀਹ ਨੂੰ ਪੁਖਤਾ ਤੇ ਪ੍ਰਤੱਖ ਰੂਪ ਬਾਬੇ ਨਾਨਕ ਨੇ ਦਿੱਤਾ। ਆਪ ਜਦੋਂ ਉਦਾਸੀ ਭੇਖ ਧਾਰਿਆ ਤਾਂ ਭਾਈ ਮਰਦਾਨਾ ਰਬਾਬੀ ਨੂੰ ਨਾਲ ਲੀਤਾ। ਜਦੋਂ ਗੁਰੂ ਜੀ ਮਿਹਰ ਦੇ ਘਰ ਵਿਚ ਆਉਂਦੇ ਤਾਂ ਬਚਨ ਕਰਦੇ, ਮਰਦਾਨਿਆ ਰਬਾਬ ਵਜਾ ਬਾਣੀ ਆਈ ਹੈ। ਮਰਦਾਨਾ ਸਮੇਂ ਦੇ ਰਾਗ ਅਨੁਸਾਰ ਤਰਬਾਂ ਛੇੜ ਦਿੰਦਾ ਤੇ ਗੁਰਬਾਣੀ ਸ਼ਬਦ ਸ੍ਰਵਣ ਸੁਣ ਕੇ ਜਗਿਆਸੂ ਪ੍ਰੀਤਵਾਨ ਨਿਹਾਲ ਹੋ ਜਾਂਦੇ ਅਤੇ ਗੁਰੂ ਸ਼ਰਧਾ ਵੱਸ ਗੁਰਸਿੱਖੀ ਧਾਰ ਕੇ ਘਰਾਂ ਵਿਚ ਗੁਰੂ ਹੁਕਮ ਅਨੁਸਾਰ ਸਤਿਸੰਗ ਕੀਰਤਨ ਦੀ ਉਚੇਚਾ ਜੁਗਤ ਬਣਾ ਕੇ ਹੋਰ ਲੁਕਾਈ ਨੂੰ ਗੁਰੂ ਨਾਨਕ ਦੇ ਦੱਸੇ ਸਿੱਖੀ ਰਾਹ ਨਾਲ ਜੋੜਦੇ ਹੋਏ ਪ੍ਰਭੂ ਭਗਤੀ ਨਾਲ ਜੁੜਦੇ ਜਾਂਦੇ। ਕਿਉਂ ਕਿ ਗੁਰੂ ਉਪਦੇਸ਼ ਦਾ ਸਿੱਟਾ ਇਹੋ ਹੈ ਕਿ ਸਦਾਚਾਰੀ ਬਣ ਕੇ ਕੇਵਲ ਪ੍ਰਭੂ ਭਗਤੀ ਕਰੋ। ਪ੍ਰਭੂ ਭਗਤੀ ਲਈ ਕੀਰਤਨ ਮਨ ਨੂੰ ਸੁਗਮਤਾ ਨਾਲ ਸੰਸਾਰਿਕਤਾ ਤੋਂ ਅਧਿਆਤਮਿਕਤਾ ਵੱਲ ਮੋੜ ਲੈਂਦਾ ਹੈ। ਸੰਗੀਤ ਦੀਆਂ ਸੁਰਾਂ ਮਨ ਨੂੰ ਸੁਰ ਵਿਚ ਲਿਆਉਂਦੀਆਂ ਹਨ ਅਤੇ ਗੁਰਬਾਣੀ ਭਗਤੀ ਭਾਉ ਵੈਰਾਗ ਉਪਜਾਂਦੀ ਹੈ। ਬਾਣੀ ਪੜ੍ਹ-ਗਾ-ਸੁਣ ਕੇ ਸੰਸਾਰ ਦੀ ਨਾਸ਼ਮਾਨਤਾ ਦਾ ਚੇਤਾ ਬਾਰ ਬਾਰ ਹੁੰਦਾ ਰਹਿੰਦਾ ਹੈ ਅਤੇ ਮਨੁੱਖ (ਸਿੱਖ) ਜੀਵਾਤਮਾ ਆਪਣੇ ਮੂਲ ਪ੍ਰਮਾਤਮਾ ਨੂੰ ਮਿਲਣ ਲਈ ਬਹਿਬਲਤਾ ਪ੍ਰਾਪਤ ਕਰਦੀ ਹੈ।ਮੌਤ ਦੀ ਹਕੀਕਤ ਮਨ ਵਿਚ ਵਸਦੀ ਹੈ ਤੇ ਸੰਸਾਰੀ ਵਿਸ਼ੇ-ਵਿਕਾਰ, ਵੈਭਵ ਤੋਂ ਮਨ ਉਦਾਸ ਹੋਣਾ ਹੀ ਪਹਿਲਾ ਵੈਰਾਗ ਹੈ। ਇਸ ਤਰ੍ਹਾਂ ਕੀਰਤਨ ਰਤਨਾਂ ਦਾ ਸਾਗਰ ਹੈ ਜੋ ਗਿਆਨ, ਵੈਰਾਗ, ਸਿਮਰਨ ਭਗਤੀ ਤੇ ਆਤਮ ਪ੍ਰਕਾਸ਼ ਦੇਣ ਲਈ ਸਦਾ ਹੀ ਸਮਰੱਥ ਹੈ।

ਭਾਰਤੀ ਧਰਮ ਗ੍ਰੰਥਾਂ ਵਿਚ ਵਰਨਣ ਕੀਤੇ ਗਏ ਵੱਡੇ ਦੇਵਤੇ ਕਿਸੇ ਨਾ ਕਿਸੇ ਸਾਜ਼ ਨਾਲ ਸਜੇ ਹੋਏ ਦੱਸੇ ਗਏ ਹਨ। ਇਸ ਸਾਜ਼ ਸੁਰਾਂ ਨਾਲ ਉਹ ਸਦਾ ਇਕ ਅਕਾਲ ਪੁਰਖ ਦੀ ਉਸਤਤਿ ਕਰਦੇ ਰਹਿੰਦੇ ਹਨ। ਗੁਰੂ ਜੀ ਨੇ ਗੁਰਬਾਣੀ ਵਿਚ ਬਾਰ ਬਾਰ ਆਪਣੇ ਆਪ ਨੂੰ ਪ੍ਰਭੂ ਦਰ ਢਾਡੀ ਕਿਹਾ ਹੈ। ਜਦੋਂ ਗੁਰੂ ਜੀ ਨੇ ਸੋਦਰ ਸੋਘਰ ਦਾ ਵਰਨਣ ਕੀਤਾ ਹੈ ਤਾਂ ਸਾਰੀ ਦੇਵ ਮੰਡਲੀ ਨੂੰ ਪ੍ਰਭੂ ਦੀ ਉਸਤਤਿ ਗਾਉਂਦੇ ਦਿਖਾਇਆ ਹੈ। ਇਹ ਵੀ ਵਚਿੱਤਰ

ਤੱਥ ਹੈ ਕਿ ਸੋਦਰ-ਸੋਘਰ ਦੀਆਂ ਤਿੰਨ ਪਉੜੀਆਂ (ਜਪੁ ਜੀ ਸਾਹਿਬ, ਰਹਿਰਾਸ ਅਤੇ ਆਸਾ ਰਾਗ ਵਿਚ) ਹਨ ਅਤੇ ਤਿੰਨਾਂ ਦਾ ਪਾਠਾਂਤਰ ਪ੍ਰਮਾਣਿਕ ਕਰਦਾ ਹੈ ਕਿ ਮਾਨਸ ਰੂਪ ਗੁਰੂ ਨਾਨਕ ਨਿਰੰਕਾਰੀ ਕਿੰਨੀ ਵਾਰੀ ਸੱਚਖੰਡ ਵਿਚ ਨਿਰੰਕਾਰੀ ਜੋਤ ਦੇ ਰੂਬਰੂ ਹੋਇਆ।

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਅਕਾਲ ਪੁਰਖ ਦੀ ਕਿਰਿਆਸ਼ੀਲ ਸ਼ਕਤੀ ਦੀ ਅੰਸ਼ ਦੁਰਗਾ ਨੂੰ ਹੋਰ ਅਵਤਾਰਾਂ ਵਾਂਗ ਮਾਨਤਾ ਦਿੱਤੀ ਹੈ। ਉਸ ਸਮੇਂ ਭਾਰਤੀ ਮਾਨਸਿਕਤਾ ਨੂੰ ਸੁਰ ਤਾਲ ਵਿਚ ਲਿਆਉਣ ਲਈ ਅਸੁਰ (ਮੁਗਲ-ਪਠਾਨ-ਮਲੇਛ) ਸ਼ਕਤੀਆਂ ਦਾ ਨਾਸ਼ ਕਰਨ ਲਈ ਮਾਰਕੁੰਡੇ ਪੁਰਾਣ ਦੀ ਦੁਰਗਾ ਸਪਤਸ਼ਤੀ ਨੂੰ ਚੰਡੀ ਚਰਿੱਤਰ ਦੇ ਨਾਮ ਨਾਲ ਉਚਾਰਿਆ ਫਿਰ ਦੂਜੀ ਵਾਰੀ ਚੰਡੀ ਚਰਿੱਤਰ ਦੂਜਾ ਦੇ ਨਾਮ ਨਾਲ ਉਚਾਰਦੇ ਹੋਏ ਦੇਵ ਦੈਂਤ ਯੁੱਧ ਦੇ ਨਜ਼ਾਰੇ ਮ੍ਰਿਦੰਗ ਦੀ ਥਾਪ ਨਾਲ ਇੰਝ ਗਾਇਨ ਕੀਤੇ ਹਨ ਕਿ ਗਾਇਕ ਤੇ ਸਰੋਤਾ ਦੇ ਹਿਰਦੇ ਦੀ ਧੜਕਣ ਉਸੇ ਸੁਰ-ਤਾਲ ਵਿਚ ਹੋ ਜਾਂਦੀ ਹੈ।

*ਸੰਗੀਤ ਭੁਜੰਗ ਪ੍ਰਯਾਤ ਛੰਦ॥*
*ਕਾਗੜ ਦੰਗ ਕਾਤੀ ਕਟਾਰੀ ਕੜਾਕੰ॥ (ਕੜਾਕਮ)*
*ਤਾਗੜਤੰਗ ਤੀਰੰ ਤੁਪਕੰ ਤੜਾਕੰ॥*
*ਝਾਗੜਦੰਗ ਨਾਗੜਦੰਗ ਬਾਗੜਦੰਗ ਬਾਜੇ॥*
*ਗਾਗੜਦੰਗ ਗਾਜੀ ਮਹਾ ਗੱਜ ਗਾਜੇ॥2॥*

(ਚੌਥਾ ਅਧਿਆਇ 35 ਤੋਂ 41)

ਇਸ ਤਰ੍ਹਾਂ ਸੱਤ ਪਉੜੀਆਂ ਸ੍ਰੋਤਾ ਮਨ ਨੂੰ ਸ਼ਾਸਤਰਾਂ ਦੇ ਵਿਚ ਬੀਰ ਰਸੀ ਸੰਗੀਤ ਦੀਆਂ ਲਹਿਰਾਂ ਵਿਚ ਮਸਤ ਕਰ ਦੇਂਦੀਆਂ ਹਨ। ਜਿਥੇ ਮੌਤ ਭੁੱਲ ਜਾਂਦੀ ਹੈ ਅਤੇ ਧਰਮ ਯੁੱਧ ਵਿਚ ਮਰਨਾ ਹੀ ਜੀਵਨ ਸੰਗੀਤ ਸਾਰ ਲਗਦਾ ਹੈ। ਇਹਨਾਂ ਪਉੜੀਆਂ ਵਿਚ ਮ੍ਰਿਦੰਗ ਦੀ ਥਾਪ ਨਾਲ ਸੰਖਮ, ਨਫੀਰੰਮ, ਬਾਜੇ ਬਜੇ, ਨਾਦਮੁ ਤੇ ਸੰਖਮ, ਨਫੀਰਮ, ਨਗਾਰੇ ਬਾਜੇ ਦੇ ਪੂਰਨ ਸੁਰ ਸੰਗੀਤ ਵਿਚ ਯੁੱਧ ਖੇਤਰ ਵਿਚ ਨਾਗੜਦੰਗ ਨਾਚੇ ਸੁ ਭੂਤ ਪ੍ਰੇਤੰ॥ ਵਰਗੇ ਤਾਂਡਵ ਦੇ ਦਰਸ਼ਨ ਹੋ ਜਾਦੇ ਹਨ।

ਚੰਡੀ ਚਰਿੱਤਰ ਦੂਸਰੇ ਦੇ ਪੰਜਵੇਂ ਅਧਿਆਇ (ਪਉੜੀ 10 ਤੋਂ 16) ਵਿਚ ਇਕ ਵਾਰੀ ਇਹ ਤਾਲ ਗੂੰਜਾਂ ਕੁਝ ਕੋਮਲ ਹੋ ਜਾਂਦੀਆਂ ਹਨ-

*ਸੰਗੀਤ ਮਧੁਭਾਰ ਛੰਦ॥*
*ਕਾਗੜਦੰ ਕੜਾਕ॥ ਤਾਗੜਦੰ ਤੜਾਕ॥*
*ਸਾਗੜਦੰ ਸੁਬੀਰ॥ ਗਾਗੜਦੰ ਗਹੀਰ॥166॥*
*ਇਥੇ ਕੇਵਲ ਮ੍ਰਿਦੰਗ ਦੀ ਥਾਪ ਹੈ*
*ਪਰ ਅੰਤਿਮ ਨਜ਼ਾਰਾ ਇੰਝ ਹੈ*
*ਕਾਗੜਦੀ ਕਪਾਲਿ॥*

ਨੱਚੀ ਬਿਕ੍ਰਾਲ॥172॥

ਜੰਗ ਯੁੱਧ ਦੀ ਖੂਨੀ ਮੰਜਰ ਵਿਚ ਕੇਵਲ ਸ਼ਕਤੀ ਦਾ ਵਿਕਰਾਲ ਰੂਪ ਹੀ ਹੁੰਦਾ ਹੈ ਪਰ ਗੁਰੂ ਦੀ ਬਾਣੀ ਇਸ ਵਿਚ ਧਰਮ ਯੁੱਧ ਦੇ ਚਾਅ ਪੈਦਾ ਕਰਨ ਵਾਲਾ ਉਹ ਸੰਗੀਤ ਭਰ ਦੇਂਦੇ ਹਨ ਜਿਸ ਦੀ ਰਬਾਬੀ ਸੁਰਾਂ ਵਿਚ ਗੁਰ ਸਿੱਖੀ ਦਾ ਜਨਮ ਹੋਇਆ ਹੈ। ਗੁਰੂ ਬਾਬਾ ਜਦੋਂ ਚੜ੍ਹਿਆ ਸੋਧਣ ਧਰਤਿ ਲੁਕਾਈ, ਪਰਉਪਕਾਰ ਕਰਨ ਲਈ ਤੁਰਿਆ ਸੀ ਤਾਂ ਭਾਈ ਗੁਰਦਾਸ ਜੀ ਨੇ ਇਸ ਨਾਲ ਇਹ ਵੀ ਦਰਜ ਕੀਤਾ ਹੈ- ਏਕ ਬਾਬਾ ਅਕਾਲ ਰੂਪ ਦੂਜਾ ਰਬਾਬੀ ਮਰਦਾਨਾ। ਜਦੋਂ ਗੁਰੂ ਬਾਬੇ ਨੇ ਜਗਤ ਜਲੰਦੇ ਵਿਚ ਆਪਣੇ ਚਰਨ ਪਾਏ ਤਾਂ ਬਾਬੇ ਦੇ ਹੁਕਮ ਨਾਲ ਘਰਿ ਘਰਿ ਅੰਦਰ ਧਰਮਸਾਲ ਹੋਵੈ ਕੀਰਤਨ ਸਦਾ ਵਿਸੋਆ। ਵਿਸੋਆ ਵਿਸਾਖੀ ਦੇ ਪੁਰਬ ਨੂੰ ਕਹਿੰਦੇ ਹਨ। ਜਦੋਂ ਸੂਰਜ ਸਾਲ ਦਾ ਆਰੰਭ ਹੁੰਦਾ ਹੈ ਤੇ ਮਗਰੋਂ ਇਸੇ ਦਿਨ ਕੀਰਤਨ ਰਤੇ ਸਿੱਖ ਪੰਥ ਨੂੰ ਖਾਲਸਾਈ ਸੰਗੀਤ ਵਿਚ ਸੁਰ ਬੱਧ ਕੀਤਾ ਗਿਆ ਸੀ। ਮਨੁੱਖਤਾ ਦੇ ਸ਼ੁੱਧ ਰੂਪ ਦੀ ਕਲਪਨਾ ਹਰੇਕ ਗੁਰੂ ਤੇ ਅਵਤਾਰ ਨੇ ਕੀਤੀ ਹੈ। ਮਰਿਆਦਾ ਪੁਰਸ਼ੋਤਮ ਨਾਮ ਨਾਲ ਪ੍ਰਸਿੱਧ ਸ੍ਰੀ ਰਾਮ ਦਾ ਰਾਜ ਇਕ ਆਦਰਸ਼ ਰਾਜ ਮੰਨਿਆ ਗਿਆ ਹੈ ਜਿਸ ਦੇ ਪ੍ਰਛਾਵੇਂ ਮਹਾਰਾਜਾ ਰਣਜੀਤ ਸਿੰਘ ਦੇ ਰਾਜ ਵਿਚ ਮਿਲਦੇ ਹਨ। ਮਹਾਰਾਜਾ ਦੇ ਚਾਲੀਸ ਸਾਲ ਦੇ ਰਾਜ ਵਿਚ ਕਿਸੇ ਵੀ ਅਪਰਾਧੀ ਨੂੰ ਮ੍ਰਿਤੂ ਦੰਡ ਨਹੀਂ ਦਿੱਤਾ ਗਿਆ। ਇਹ ਸਾਰੀਆਂ ਬਰਕਤਾਂ ਉਸ ਕੀਰਤਨ ਦੀਆਂ ਹਨ ਜੋ ਗੁਰ ਸਿੱਖਾਂ ਦੇ ਮਨ ਆਤਮਾ ਦੀ ਜ਼ਰੂਰੀ ਖੁਰਾਕ ਹੈ। ਜਿਸ ਵਾਸਤੇ ਮੁੱਢ ਤੋਂ ਧਰਮਸਾਲ ਬਣਾ ਕੇ ਕੀਰਤਨ ਭਗਤੀ ਦਾ ਉਪਦੇਸ਼ ਗੁਰੂ ਬਾਬੇ ਨਾਨਕ ਨੇ ਨਿਤਨੇਮ ਬਣਾ ਦਿੱਤਾ ਹੈ।

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਇਸ ਕੀਰਤਨ ਰਾਹੀਂ ਦਸ ਜਾਮਿਆਂ ਵਿਚ ਕਾਇਮ ਕੀਤੇ ਪ੍ਰਭੂ ਭਗਤੀ ਦੇ ਮਾਰਗ ਨੂੰ ਧਰਮ ਯੁੱਧ ਪ੍ਰੇਰਨਾ ਦਾ ਵਸੀਲਾ ਬਣਾਂਦੇ ਹੋਏ ਦੁਰਗਾ ਦੀ ਵਾਰ ਰੂਪੀ ਬਾਣੀ ਵਿਚ ਪੂਰੀ ਤਰ੍ਹਾਂ ਸੰਗੀਤ ਭਰ ਦਿੱਤਾ। ਇਸ ਵਾਰ ਨੂੰ ਗਾਉਂਦੇ ਹੋਏ ਯੋਧੇ ਰਣ ਤੱਤੇ ਵਿਚ ਢੋਲ ਨਗਾਰਿਆਂ ਦੀਆਂ ਧੁਨੀਆਂ ਵਿਚ ਜੈਕਾਰੇ ਬੁਲਾਂਦੇ ਹੋਏ ਦਸ ਗੁਣਾਂ ਤੇ ਹਜ਼ਾਰਾਂ ਗੁਣਾਂ ਫੌਜਾਂ ਉਤੇ ਬੇਖੌਫ ਹੋ ਕੇ ਟੁੱਟ ਪੈਂਦੇ ਸੀ। ਇਸ ਵਾਰ ਵਿਚ ਸੰਗੀਤ

ਥਾਪਾਂ ਇੰਝ ਗੂੰਜਦੀਆਂ ਹਨ।

ਕਲ ਨਾਰਦ ਡਉਰੂ ਵਾਜਿਆ (3) ਢੋਲ ਸੰਖ ਨਗਾਰ ਵਜੇ (7) ਰਣ ਨਘੁਰੇ ਨਗਾਰੇ ਚਾਵਲੇ (8) ਢੋਲ ਨਗਾਰੇ ਪਉਲਦੇ (5) ਨਾਦ ਵੱਜਣ (8) ਰਣ ਘੁਰੇ ਨਗਾਰੇ (9) ਚੋਟ ਪਈ ਦਮਾਮੇ (10) ਚੋਟਾ ਪਵਨ ਨਗਾਰੇ (11) ਲੱਖ ਨਗਾਰੇ ਵੱਜਣ (12) ਘੁਰੇ ਨਗਾਰੇ ਦੋਹਰੇ (13) ਚੋਟ ਪਈ ਖਰਚਾਮੀ (14) ਅਗਣਿਤ ਘੁਰੇ ਨਗਾਰੇ (15) ਬੱਜੇ ਢੋਲ ਨਗਾਰੇ (17) ਨਾਲਿ ਧਉਸਾ ਭਾਰੀ (18) ਸੱਟ ਪਈ ਜਮਧਾਣੀ (20) ਘੁਰ ਨਗਾਰੇ ਦੋਹਰੇ (23) ਸੱਟ ਪਈ ਨਗਾਰੇ (25) ਸੱਟ ਪਈ ਖਰਚਾਮੀ (26) ਚੋਬੀ ਧਉਸ ਬਜਾਈ (28) ਢੋਲ ਨਗਾਰੇ ਵਾਜੇ (31) ਬੇਰੀ ਸੰਖ ਬਜਾਏ (32) ਸੰਜਾ ਤੇ ਠਣਕਾਰੇ ਤੇਗੀ ਉਭਰੇ (35) ਸੱਟ ਪਈ ਜਮਧਾਣੀ (36) ਚੋਬੀ ਧਉਸ ਉਭਾਰੀ (37) ਧਗਾ ਸੂਲ ਬਜਾਈਆ (40) ਢੋਲ ਸੰਖ ਨਗਾਰੇ ਵਾਇਕੇ (41) ਚੋਟਾਂ ਪਾਨ ਤਬਾਲੀ (44) ਬੱਜੇ ਸੰਗਲੀਆਲੇ (46) ਸੱਟ ਪਈ ਖਰਵਾਰ ਕਉ (49) ਦਲ ਘੁਰੇ ਨਗਾਰੇ (52) ਨਾਲਿ ਧਉਸਾ ਭਾਰੀ (53)

ਇਸ ਤਰ੍ਹਾਂ ਨਾਮ ਭਗਤੀ ਦੇ ਸੂਰਮੇ ਮੌਤ ਨੂੰ ਮਜ਼ਾਕਾਂ ਕਰਦੇ ਧਰਮ ਯੁੱਧ ਜੂਝਦੇ ਰਹੇ ਅਤੇ ਇਸ ਤੁਕ ਨਾਲ ਗੁਰੂ ਕੀਆਂ ਲਾਡਲੀਆਂ ਫੌਜਾਂ ਨਿਹੰਗਾਂ ਦਾ ਮੂਹਰੇ ਹੋ ਕੇ ਲੜਣ ਦਾ ਇਤਿਹਾਸ ਸਾਰੇ ਸੰਸਾਰੀ ਜੰਗ ਯੋਧਿਆਂ ਤੋਂ ਨਿਆਰਾ ਹੋ ਗਿਆ- ਪਹਿਲਾ ਦਲਾ ਮਿਲੰਦਿਆ ਭੇੜ ਪਇਆ ਨਿਹੰਗਾ। 47।

ਗੁਰ ਸਿੱਖੀ ਵਿਚ ਸਮਾਈ ਸੰਗਤਿ ਕੀਰਤਨ ਦੀ ਭਗਤੀ ਗੀਤ ਦਾ ਪ੍ਰਦਰਸ਼ਨ ਇਸੇ ਸੰਗੀਤ ਚੇਤਨਾ ਨਾਲ ਸ਼ਕਤੀ ਪ੍ਰਦਰਸ਼ਨ ਵਿਚ ਵੀ ਗੁਰੂ ਜੀ ਨੇ ਕਾਇਮ ਰੱਖਿਆ।

ਚਰਚਾ ਭਾਈ ਗੁਰਦਾਸ ਜੀ ਦੀ ਦੂਜੀ ਵਾਰ ਤੋਂ ਚੱਲੀ ਸੀ। ਭਾਈ ਗੁਰਦਾਸ ਜੀ ਗੁਰਮਤਿ ਫਲਸਫੇ ਦੇ ਵਿਆਖਿਆਕਾਰ ਮੰਨੇ ਗਏ ਹਨ ਇਸੇ ਲਈ ਉਹ ਪਹਿਲੀ ਵਾਰ ਵਿਚ ਚਾਰ ਜੁਗੀ ਵਰਤਾਰੇ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਨਿਰੰਕਾਰੀ ਪ੍ਰਕਾਸ਼ ਦੀ ਲੋੜ ਦੱਸ ਕੇ ਪ੍ਰਕਾਸ਼ ਵਰਤਾਰੇ ਦੀ ਉਸਤਤਿ ਕਰਦੇ ਗੁਰੂ ਜੋਤਿ ਦੀ ਵਿਲੱਖਣਤਾ ਨਾਲ ਵੀ ਪਰਿਚਿਤ ਕਰਾਂਦੇ ਹਨ। ਇਸ ਵਿਲੱਖਣਤਾ ਵਿਚ ਉਹ ਗੁਰੂ ਨਾਨਕ ਜੀ ਦੇ ਜਗਤ ਪ੍ਰਕਾਸ਼ ਨੂੰ-ਚੜ੍ਹੇ ਸੂਰ ਮਿਟਿ ਜਾਇ ਅੰਧਾਰਾ-ਕਹਿ ਕੇ ਮਹਿਮਾ ਮੰਡਿਤ ਕਰਦੇ ਹਨ। ਮਨੁੱਖਾ ਬਨਚਰਾ ਵਿਚ ਗੁਰੂ ਜੀ ਦੀ ਆਮਦ- ਸਿੰਘ ਬੁਕੇ ਦੀ ਦਹਾੜ ਨਾਲ ਦਰਜ ਕਰਕੇ ਦੱਸਿਆ ਕਿ ਮਤ ਮਤਾਂਤਰ ਦੇ ਮੁਖੀ ਟੋਲੀਆਂ ਸਮੇਤ-ਮਿਰਗਾਵਲੀ ਭੰਨੀ ਜਾਇ ਨਾ ਧੀਰਿ ਧਰੋਆ। (1-27) ਮੱਕੇ ਦੀ ਜਿੱਤ ਵਿਚ ਵੀ ਭਾਈ ਜੀ ਲਿਖਦੇ ਹਨ-ਬੁਕਿਆ ਸਿੰਘ ਉਜਾੜਿ ਵਿਚਿ ਸਭਿ ਮਿਰਗਾਵਲੀ ਭੰਨੀ ਜਾਇ। (1-34)

ਇਸ ਦੀ ਸਿੰਘ ਗਰਜਨਾ ਕਰਨ ਵਾਲੇ ਗੁਰੂ ਨਾਨਕ ਦੇ ਦਸਵੇਂ ਜਾਮੇ ਨੇ ਰਬਾਬ ਦੀਆਂ ਸੁਰਾਂ ਨੂੰ ਸੰਜੋ ਤੇ ਤਲਵਾਰ ਦੀ ਸੰਗੀਤ ਲਹਿਰੀ ਬਣਾ ਕੇ- ਸੰਜਾਂ ਦੇ ਠਣਕਾਰੇ ਤੇਗੀ ਉਭਰੇ (35) ਗੁਰਸਿੱਖਾਂ ਨੂੰ ਸਿੰਘ ਸਿਰਨਾਵੇਂ ਨਾਲ ਨਿਵਾਜ ਕੇ ਖਾਲਸਾ ਅਕਾਲ ਪੁਰਖ ਕੀ ਫੌਜ ਕਹਿ ਕੇ ਵਡਿਆਇਆ। ਸੰਗੀਤ ਉਹੀ ਸੀ ਕੀਰਤਨ ਉਹੀ ਸੀ ਪਰ ਰਾਗ ਬਦਲ ਗਏ। ਰਾਗ ਤਾਂ ਗੁਰਬਾਣੀ ਵਿਚ ਵੀ 31 ਹਨ ਅਤੇ ਭਗਤੀ ਭਰੀ ਵਾਰਾਂ ਰਾਹੀਂ ਵੀ ਅੰਤਰ ਮਨ ਦੇ ਵਿਕਾਰਾਂ ਨਾਲ ਸਿਮਰਨ ਸ਼ਕਤੀ ਦੇ ਸੰਘਰਸ਼ ਦੀ ਕਹਾਣੀ ਦੇ ਬਾਣੀ ਮਾਰਗ ਦ੍ਰਿੜਾਂਦੇ ਹਨ। ਦਸ਼ਮੇਸ਼ ਰੂਪ ਵਿਚ ਪ੍ਰਤੱਖ ਮੈਦਾਨੀ ਧਰਮ ਯੁੱਧ ਲਈ ਚੰਡੀ ਚਰਿੱਤਰ ਅਤੇ ਚੰਡੀ ਦੀ ਵਾਰ ਵਿਚ ਵਾਰ ਵਿਧਾ ਦਾ ਸਰਬੋਤਮ ਸ਼ਬਦ ਤਾਲ ਪ੍ਰਗਟਾਇਆ ਗਿਆ।

ਭਾਈ ਗੁਰਦਾਸ ਜੀ ਸਤਿਸੰਗ ਦੀ ਕੀਰਤਨੀ ਰੂਪ ਰੇਖਾ ਇੰਝ ਪ੍ਰਗਟ ਕਰਦੇ ਹਨ-

*ਜਿਉ ਜੰਤੀ ਹਥਿ ਜੰਤ ਲੈ ਸਭਿ ਰਾਗ ਵਜਾਏ।*
*ਆਪੇ ਸੁਣਿ ਸੁਣਿ ਮਗਨੁ ਹੋਇ ਆਪੇ ਗੁਣਿ ਗਾਏ।*
*ਸਬਦਿ ਸੁਰਤਿ ਲਿਵਲੀਣੁ ਹੋਇ ਆਪਿ ਰੀਝਿ ਰੀਝਾਏ।*
*ਕਥਤਾ ਬਕਤਾ ਆਪਿ ਹੈ ਸੁਰਤਾ ਲਿਵ ਲਾਏ।*
*ਆਪੇ ਹੀ ਵਿਸਮਾਦੁ ਹੋਇ ਸਰਬੰਸਿ ਸਮਾਏ।*
*ਆਪੇ ਆਪਿ ਵਰਤੱਦਾ ਗੁਰਮੁਖਿ ਪਤੀਆਏ।2।*

ਜਿਸ ਤਰ੍ਹਾ ਸਾਜਿੰਦੇ ਦੇ ਹੱਥ ਸਾਜ ਹੁੰਦਾ ਹੈ ਤਾਂ ਫੇਰ ਉਹ ਸਭ ਤਰ੍ਹਾਂ ਦੇ ਰਾਗ ਵਜਾ ਕੇ ਮਸਤ ਹੁੰਦਾ ਹੈ ਅਤੇ ਹੁਨਰ ਦਾ ਅਭਿਆਸ ਕਰਦਾ ਹੈ। ਜਦੋਂ ਸਾਜ ਦੀਆਂ ਸੁਰਾਂ ਵਿਚ ਉਸ ਦੀ ਸੁਰਤਿ ਜੁੜ ਜਾਂਦੀ ਹੈ ਤਾਂ ਫਿਰ ਆਪ ਹੀ ਰੀਝ ਕੇ ਅਨੰਦ ਮਗਨ ਹੁੰਦਾ ਹੈ। ਕਥਾ ਕਰਨ ਵਾਲਾ ਜਦੋਂ ਮਨ ਕਰਕੇ ਸਰੋਤਾ ਬਣਦਾ ਹੈ। ਉਸ ਪ੍ਰਭੂ ਉਸਤਤਿ ਨਾਲ ਅੰਤਰਮਨ ਨਾਲ ਜੁੜ ਜਾਂਦਾ ਹੈ। ਅਸਲ ਵਿਚ ਹਰ ਘਟ ਵਿਚ ਉਸ ਪ੍ਰਭੂ ਦਾ ਵਾਸਾ ਹੈ ਤੇ ਉਹ ਆਪ ਹੀ ਅਚਰਜ ਖੇਲ ਕਰ ਰਿਹਾ ਹੈ। ਪ੍ਰਮੇਸ਼ਰ ਆਪ ਹੀ-ਸਭੈ ਘਟ ਰਾਮ ਬੋਲੈ ਰਾਮਾ ਬੋਲੈ ਰਾਮ ਬਿਨਾ ਕੋ ਬੋਲੈ ਰੇ- ਦੇ ਯਥਾਰਥ ਨਾਲ ਕੇਵਲ ਗੁਰੂ ਦੇ ਮੁੱਖ ਰਾਹੀਂ ਗਾਉਂਦਾ ਹੈ ਅਤੇ ਉਸ ਦੀ ਰਮਜ਼ ਹੀ ਪ੍ਰਗਟ ਹੁੰਦੀ ਹੈ।

ਭਾਈ ਗੁਰਦਾਸ ਜੀ ਕੀਰਤਨ ਤੇ ਕਥਾ ਕਰਨ ਦੇ ਪਰਮ ਲਕਸ਼ ਦਾ ਦ੍ਰਿਸ਼ਟਣ ਕਰ ਰਹੇ ਹਨ। ਜਦੋਂ ਕੀਰਤਨ ਕਥਾ ਕਰਨ ਵਾਲਾ ਆਪ ਹੀ ਸ੍ਰੋਤਾ ਬਣ ਜਾਏ ਤਾਂ ਮਨ ਸੁਰਤਿ ਬਣ ਕੇ ਪ੍ਰਮਾਤਮਾ ਨਾਲ ਜੁੜ ਜਾਂਦਾ ਹੈ। ਉਸ ਸਥਿਤੀ ਵਿਚ ਕੀਰਤਨ ਕਥਾ ਕਰਨ ਵਾਲਾ ਆਪ ਵੀ ਸ੍ਰੋਤਾ ਬਣ ਜਾਂਦਾ ਹੈ ਤੇ ਬੋਲ ਪ੍ਰਭੂ ਦੇ ਹੁੰਦੇ ਹਨ। ਇਸ ਤਰ੍ਹਾਂ ਸਥੂਲ ਸਰੀਰ ਪ੍ਰਮੇਸ਼ਰ ਦਾ ਪ੍ਰਤੀਨਿਧੀ ਹੁੰਦਾ ਹੈ ਅਤੇ ਸੂਖਮ ਸਰੀਰ ਸ੍ਰੋਤਾ ਬਣ ਕੇ ਅਕਥ ਅਨੰਦ ਪ੍ਰਾਪਤ ਕਰਦਾ ਹੈ। ਕੀਰਤਨ ਨਾਲ ਜੁੜੀ ਹੋਈ ਸੁਰਤਿ ਹੀ ਅਨਹਦ ਨਾਦ ਦਾ ਆਤਮ ਅਨੁਭਵ ਲੈ ਸਕਦੀ ਹੈ। ਇਸ ਲਈ ਧੁਰ ਤੋਂ ਆਈ ਬਾਣੀ ਦਾ ਪਾਠ ਕੀਰਤਨ ਜਦੋਂ ਵਕਤਾ ਆਪ ਸ੍ਰੋਤਾ ਬਣ ਕੇ ਸੁਣਦਾ ਹੈ ਤਾਂ ਇਕ ਐਸੀ ਮਗਨਤਾ ਆਉਂਦੀ ਹੈ ਜਦੋਂ ਵਕਤਾ ਕੇਵਲ ਸ੍ਰੋਤਾ ਹੀ ਰਹਿ ਜਾਂਦਾ ਹੈ ਇਹੋ ਸ਼ਬਦ ਸੁਰਤਿ ਦਾ ਮੇਲ ਹੈ। ਗੁਰੂ ਨਾਨਕ ਸਾਹਿਬ, ਗੁਰਬਾਣੀ, ਰਬਾਬੀ ਮਰਦਾਨਾ ਤੇ ਰਬਾਬ ਜਦੋਂ ਇਕ ਸੁਰ ਹੋ ਜਾਂਦੇ ਤਾਂ ਧਰਤੀ ਤੇ ਬੈਕੁੰਠ ਉਤਰ ਆਉਂਦਾ ਸੀ। ਇਸ ਲਈ ਗੁਰੂ ਹੁਕਮ ਦਰਜ ਹੈ-

*ਤਹਾ ਬੈਕੁੰਠ ਜਹ ਕੀਰਤਨੁ ਤੇਰਾ*
*ਤੂੰ ਆਪੇ ਸਰਧਾ ਲਾਇਹਿ॥* ਸੂਹੀ ਪੰਜਵਾਂ-749

ਬੈਕੁੰਠ ਦਾ ਉਤਾਰਾ ਸ਼ਬਦ ਸੁਰਤਿ ਦੇ ਸੰਗਮ ਤੋਂ ਬਗੈਰ ਸੰਭਵ ਨਹੀਂ ਹੈ।

ਭਾਈ ਗੁਰਦਾਸ ਜੀ ਸਪਸ਼ਟ ਕਰਦੇ ਹਨ-

*ਪਵਣ ਗੁਰੂ ਗੁਰ ਸ਼ਬਦੁ ਹੈ ਰਾਗ ਨਾਦ ਵੀਚਾਰਾ।*
(2-19)

ਰਾਗ ਨਾਦ (ਆਵਾਜ਼-ਧਵਨੀ) ਪਵਨ (ਸਵਾਸ) ਰਾਹੀਂ ਸੁਰਤਿ ਮਾਰਗੀ ਹੁੰਦਾ ਹੈ ਤਾਂ ਸ਼ਬਦ ਸੁਰਤਿ ਦਾ ਸੰਗਮ ਅੰਤਾਕਰਣ ਦੇ ਮੰਡਲ ਵਿਚ ਪੁਚਾ ਦੇਂਦਾ ਹੈ।

*ਪਵਣੁ ਗੁਰੂ ਗੁਰੂ ਸਬਦੁ ਹੈ*
*ਵਾਹਗੁਰੂ ਗੁਰ ਸਬਦੁ ਸੁਣਾਇਆ।* (6-5)

ਗੁਰਬਾਣੀ ਵਿਚ ਜਿਥੇ ਕੀਰਤਨ ਦਾ ਜ਼ਿਕਰ ਆਉਂਦਾ ਹੈ ਉਸ ਦੇ ਨਾਲ ਸ਼ਬਦ ਸੁਰਤਿ ਦੇ ਮੇਲ ਦਾ ਤਕਾਜ਼ਾ ਵੀ ਜ਼ਰੂਰ ਹੁੰਦਾ ਹੈ ਅਤੇ ਗੁਰੂ ਜੀ ਹਰ ਹਾਲ ਵਿਚ ਗੁਰਸਿੱਖਾਂ ਨੂੰ ਆਤਮ ਕੀਰਤਨ ਜਾਂ ਨਿਰਬਾਣ ਕੀਰਤਨ ਜਾਂ ਅਨਹਦ ਨਾਦ ਨਾਲ ਜੁੜਣ ਲਈ ਪ੍ਰੇਰਨਾ, ਉਤਸ਼ਾਹ ਤੇ ਉਪਦੇਸ਼ ਦਿੰਦੇ ਹਨ।

*ਮਨ ਮਹਿ ਚਿਤਵਉ ਚਿਤਵਨੀ*
*ਉਦਮੁ ਕਰਉ ਉਠਿ ਨੀਤ।*
*ਹਰਿ ਕੀਰਤਨ ਕਾ ਆਹਰੋ*
*ਹਰਿ ਦੇਹੁ ਨਾਨਕ ਕੇ ਮੀਤ।*(ਸਲੋਕ ਪੰਜਵਾਂ-519)
*ਗੁਣ ਗੋਵਿੰਦ ਗਾਵਹੁ ਸਭਿ ਹਰਿਜਨ*
*ਰਾਗ ਰਤਨ ਰਸਨਾ ਆਲਾਪ।*
*ਕੋਟਿ ਜਨਮ ਕੀ ਤ੍ਰਿਸ਼ਨਾ ਨਿਵਰੀ*
*ਰਾਮ ਰਸਾਇਣਿ ਆਤਮ ਧ੍ਰਾਪ।*
ਬਿਲਾਵਲ ਪੰਜਵਾਂ-821

ਅਤੇ ਭਾਈ ਗੁਰਦਾਸ ਜੀ ਨੇ ਦਰਜ ਕੀਤਾ ਹੈ-

*ਸਬਦੁ ਸੁਰਤਿ ਕਰ ਕੀਰਤਨ ਸਤਿਸੰਗ ਵਿਲੋਈ॥*
(13-2)

ਭਾਈ ਗੁਰਦਾਸ ਜੀ ਨੇ ਉਚੇਚਾ ਕੀਰਤਨ ਬਾਰੇ ਜ਼ਿਆਦਾ ਨਹੀਂ ਲਿਖਿਆ ਪਰ ਕੀਰਤਨ ਨਾਲ ਜੁੜੀ ਪਰਮ ਗਤਿ ਦਾ ਜ਼ਿਕਰ ਉਹਨਾਂ ਅਨੇਕ ਤਰ੍ਹਾਂ ਕੀਤਾ ਹੈ

*ਰਾਗ ਨਾਦ ਵਿਸਮਾਦੁ ਹੋਇ ਗੁਣਿ ਗਹਿਰ ਗੰਭੀਰਾ।*
*ਸਬਦੁ ਸੁਰਤਿ ਲਿਵਲੀਣ ਹੋਇ ਅਨਹਦਿ ਧੁਨਿਧੀਰਾ।*
*ਜੰਤ੍ਰੀ ਜੰਤ੍ਰ ਵਜਾਇਦਾ ਮਨਿ ਉਨ ਮਨਿ ਚੀਰਾ।*
*ਵਜਿ ਵਜਾਇ ਸਮਾਇ ਲੈ ਗੁਰ ਸਬਦ ਵਜੀਰਾ।* (9-8)
*ਰਾਗ ਨਾਦ ਸੰਬਾਦੁ ਗਿਆਨ ਚੇਤਾਇਆ।*
*ਨਉ ਦਰਵਾਜੇ ਸਾਧਿ ਸਾਧੁ ਸਦਾਇਆ।* (22-16)

ਕੀਰਤਨ ਕਰਨ ਵਾਲਾ ਗੁਰੂ ਪਿਆਰਾ ਆਪ ਸ੍ਰੋਤਾ ਬਣ ਕੇ ਜਾਂ ਏਕਾਗਰ ਚਿਤ ਸ੍ਰੋਤਾ ਸਹਜੇ ਹੀ ਦੇਹਾਤੀਤ ਹੋ ਕੇ ਸ਼ਬਦ ਸੁਰਤਿ ਦਾ ਆਨੰਦ ਅਨੁਭਵ ਕਰਨ ਲਗ ਜਾਂਦਾ ਹੈ। ਇਸ ਤਰ੍ਹਾਂ ਨੌ ਦਰਵਾਜੇ ਬੰਦ ਹੋਣ ਨਾਲ ਦਸਵਾਂ ਕਦੋਂ ਖੁੱਲ੍ਹ ਗਿਆ- ਇਹ ਚਮਤਕਾਰ ਹੋ ਵਰਤਦਾ ਹੈ। ਇਸੇ ਨੂੰ ਗੁਰਬਾਣੀ ਵਿਚ ਰਾਜ ਜੋਗ ਕਿਹਾ ਗਿਆ ਹੈ। ਭਾਈ ਗੁਰਦਾਸ ਜੀ ਇੰਝ ਵਿਆਖਿਆ ਕਰਦੇ ਹਨ-

*ਰਾਗ ਦੋਖ ਨਿਰਦੋਖ ਹੈ*
*ਰਾਜ ਜੋਗ ਵਰਤੈ ਵਰਤਾਰਾ॥*
*ਮਨਸਾ ਵਾਚਾ ਕਰਮਨਾ*
*ਮਰਮ ਨ ਜਾਪੈ ਅਪਰ ਅਪਾਰਾ॥*

ਗੁਰਬਾਣੀ ਦੇ ਸ਼ਬਦ ਦੇ ਅੱਖਰਾਂ ਦਾ ਅਰਥ ਭੇਦ ਮਨਸਾ-ਵਾਚਾ-ਕਰਮਨਾ ਨਹੀਂ ਲਗ ਸਕਦਾ ਸਗੋਂ ਦੇਹਾਤੀਤ ਹੋ ਕੇ ਇਹ ਅਰਥ ਆਨੰਦ ਸਪਸ਼ਟ ਹੁੰਦਾ ਹੈ:

*ਰਾਜ ਲੀਲਾ ਤੇਰੈ ਨਾਮ ਬਣਾਈ।*
*ਜੋਗੁ ਬਨਿਆ ਤੇਰਾ ਕੀਰਤਨ ਗਾਈ॥*
ਆਸਾ ਪੰਜਵਾਂ-385

*162ਏ, ਗਰੇਨ ਮਾਰਕੀਟ, ਮਧਿਆ ਮਾਰਗ, ਚੰਡੀਗੜ੍ਹ*

# ਮਹਾਨ ਕੋਸ਼-ਗੁਰਮਤਿ ਸੰਗੀਤ ਦਾ ਸਰੋਤ ਗ੍ਰੰਥ-ਇੱਕ ਵਿਸ਼ਲੇਸ਼ਣ

ਡਾ ਜਾਗੀਰ ਸਿੰਘ

ਗੁਰਮਤਿ ਸੰਗੀਤ ਨੂੰ ਅਕਾਦਮਿਕ ਖੇਤਰ ਵਿੱਚ ਲੋਕ ਪ੍ਰਿਯਤਾ ਪ੍ਰਾਪਤ ਹੋ ਰਹੀ ਹੈ। ਇਸ ਦਾ ਅਧਿਐਨ ਕਰਨ ਲਈ ਕਾਫੀ ਜਤਨ ਕੀਤੇ ਜਾ ਰਹੇ ਹਨ। ਇਸ ਲਈ ਜ਼ਰੂਰੀ ਹੈ ਕਿ ਇਸ ਦੇ ਅਧਿਐਨ ਵਿੱਚ ਸਹਾਇਕ ਹੋਣ ਵਾਲੇ ਗ੍ਰੰਥਾਂ ਦੀ ਪਛਾਣ ਕੀਤੀ ਜਾਵੇ। ਹੋਰ ਗ੍ਰੰਥਾਂ ਦੇ ਨਾਲ ਨਾਲ ਗੁਰ ਸ਼ਬਦ ਰਤਨਾਕਰ ਮਹਾਨ ਕੋਸ਼ ਵੀ ਇੱਕ ਅਜਿਹਾ ਗ੍ਰੰਥ ਹੈ ਜਿਹੜਾ ਗੁਰਮਤਿ ਸੰਗੀਤ ਦੀ ਖੋਜ ਲਈ ਕਾਫੀ ਸਹਾਇਕ ਸਿੱਧ ਹੋ ਸਕਦਾ ਹੈ।

ਮਹਾਨ ਕੋਸ਼ ਦੀ ਰਚਨਾ ਭਾਈ ਕਾਹਨ ਸਿੰਘ ਨਾਭਾ ਨੇ 1912 ਵਿੱਚ ਅਰੰਭ ਕੀਤੀ ਸੀ ਅਤੇ 1930 ਵਿੱਚ ਇਹ ਮਹਾਨ ਗ੍ਰੰਥ ਛਪ ਕੇ ਤਿਆਰ ਹੋਇਆ। ਇਸ ਵਿੱਚ ਗੁਰੂ ਗ੍ਰੰਥ ਸਾਹਿਬ ਅਤੇ ਗੁਰਮਤਿ ਦੀਆਂ ਹੋਰ ਪ੍ਰਤੀਨਿਧ ਰਚਨਾਵਾਂ ਦੀ ਸ਼ਬਦਾਵਲੀ ਦੇ ਅਰਥ-ਭੇਦ ਦਰਜ ਕੀਤੇ ਗਏ ਹਨ। ਇਸ ਤੋਂ ਇਲਾਵਾ ਇਹ ਇਤਿਹਾਸ, ਮਿਥਿਹਾਸ, ਵਨਸਪਤੀ, ਸੰਗੀਤ ਵਿਦਿਆ, ਹਿਕਮਤ ਆਦਿ ਵਿਸ਼ਿਆਂ ਦੀ ਜਾਣਕਾਰੀ ਨਾਲ ਭਰਪੂਰ ਹੈ।

ਗੁਰਮਤਿ ਸੰਗੀਤ ਦੇ ਸਿਧਾਂਤਕ, ਕਿਰਿਆਤਮਕ ਅਤੇ ਇਤਿਹਾਸਕ ਪੱਖ ਤੋਂ ਮਹੱਤਵਪੂਰਨ ਹਵਾਲੇ ਮਹਾਨ ਕੋਸ਼ ਵਿੱਚੋਂ ਮਿਲ ਜਾਂਦੇ ਹਨ। ਇਹ ਹਵਾਲੇ ਗੁਰਮਤਿ ਸੰਗੀਤ ਨਾਲ ਸੰਬੰਧਤ ਸ਼ਬਦਾਵਲੀ ਦੇ ਅਰਥਾਂ ਦੇ ਰੂਪ ਵਿੱਚ ਦਿੱਤੇ ਗਏ ਹਨ। ਗੁਰਮਤਿ ਸੰਗੀਤ ਨਾਲ ਸੰਬੰਧਤ ਸ਼ਬਦਾਵਲੀ ਕੇਵਲ ਅਰਥ ਹੀ ਨਹੀਂ ਦਿੱਤੇ ਗਏ ਸਗੋਂ ਨਾਲ ਨਾਲ ਭਾਵਪੂਰਤ ਟਿੱਪਣੀਆਂ ਵੀ ਦਿੱਤੀਆਂ ਗਈਆਂ ਹਨ ਜਿਹੜੀਆਂ ਗੁਰਮਤਿ ਸੰਗੀਤ ਦੇ ਵਿਦਿਆਰਥੀਆਂ ਲਈ ਅਗਵਾਈ ਦਾ ਕੰਮ ਕਰਦੀਆਂ ਹਨ। ਲੱਗਭਗ ਹਰ ਸ਼ਬਦ ਦੇ ਅਰਥ ਦਿੰਦਿਆਂ ਗੁਰੂ ਗ੍ਰੰਥ ਸਾਹਿਬ ਵਿੱਚੋਂ ਜਾਂ ਗੁਰਮਤਿ ਸਾਹਿਤ ਵਿੱਚੋਂ ਹਵਾਲੇ ਦਿੱਤੇ ਗਏ ਹਨ। ਇਹ ਹਵਾਲੇ ਗੁਰਮਤਿ ਸੰਗੀਤ ਦੇ ਖੋਜਕਾਰ ਲਈ ਬੜੇ ਸਹਾਇਕ ਸਿੱਧ ਹੁੰਦੇ ਹਨ।

ਮਹਾਨ ਕੋਸ਼ ਵਿਚੋਂ ਇੱਕ ਐਂਟਰੀ ਦਾ ਅਧਿਐਨ ਕਰਦਿਆਂ ਹੀ ਗੁਰਮਤਿ ਸੰਗੀਤ ਬਾਰੇ ਵਿਸਤ੍ਰਿਤ ਜਾਣਕਾਰੀ ਪ੍ਰਾਪਤ ਹੋ ਜਾਂਦੀ ਹੈ। ਨਮੂਨੇ ਵਜੋਂ ਕੀਰਤਨ ਐਂਟਰੀ ਦਾ ਅਧਿਐਨ ਕਰਦੇ ਹਾਂ।

ਕੀਰਤਨ- ਗੁਰਮਤ ਵਿੱਚ ਰਾਗ ਸਹਿਤ ਕਰਤਾਰ ਦੇ ਗੁਣ ਗਾਉਣ ਦਾ ਨਾਉ ਕੀਰਤਨ ਹੈ-

***ਕੀਰਤਨ ਨਾਮੁ ਸਿਮਰਤ ਰਹਉ*** (ਬਿਲਾਵਲ ਮ: 5)

ਕੀਰਤਨਿ- ਕੀਰਤਨ ਵਿੱਚ- ***ਹਰਿ ਹਰਿ ਕੀਰਤਨਿ ਇਹ ਮਨੁ ਰਾਤਾ*** (ਸੋਰਠ ਮ: 5)

ਕੀਰਤਨੀਆ- ਕੀਰਤਨ ਕਰਨ ਵਾਲਾ। ਕਰਤਾਰ ਦੇ ਗੁਣ ਗਾਉਣ ਵਾਲਾ-

***ਭਲੋ ਭਲੋ ਰੇ ਕੀਰਤਨੀਆ*** (ਰਾਮਕਲੀ ਮ: 5)

ਹੁਣ ਸਿਆਣਾ ਖੋਜਕਾਰ ਉਪਰੋਕਤ ਵੇਰਵਿਆਂ ਵਿੱਚੋਂ ਕੁਝ ਹੋਰ ਸ਼ਬਦਾਵਲੀ ਜਿਵੇਂ ਰਾਗ, ਗਾਉਣ, ਬਿਲਾਵਲ, ਸੋਰਠ, ਰਾਮਕਲੀ ਦੇ ਅਰਥ ਜਾਣਨ ਦੀ ਕੋਸ਼ਿਸ਼ ਕਰਕੇ ਗੁਰਮਿਤ ਸੰਗੀਤ ਨਾਲ ਸੰਬੰਧਤ ਵੇਰਵੇ ਪ੍ਰਾਪਤ ਕਰ ਸਕਦਾ ਹੈ।

ਰਾਗ: ਇਸ ਐਂਟਰੀ ਵਿੱਚ ਰਾਗ ਬਾਰੇ ਵਿਸਥਾਰ ਸਹਿਤ ਜਾਣਕਾਰੀ ਦਿੱਤੀ ਗਈ ਹੈ। ਜਿਥੇ ਗੁਰੂ ਗ੍ਰੰਥ ਸਾਹਿਬ ਦੇ ਇਕੱਤੀ ਰਾਗਾਂ ਦੇ ਨਾਮ ਲਿਖੇ ਹਨ ਨਾਲ ਹੀ ਇਹ ਦੱਸਿਆ ਹੈ ਕਿ ਅੱਖਰ ਕ੍ਰਮ ਅਨੁਸਾਰ ਹਰ ਰਾਗ ਦਾ ਵੇਰਵਾ ਦਿੱਤਾ ਗਿਆ ਹੈ। ਗੁਰਮਤਿ ਸੰਗੀਤ ਨਾਲ ਸਬੰਧਤ ਮਹੱਤਵਪੂਰਨ ਟਿਪਣੀ ਦਿੰਦਿਆਂ ਲਿਖਿਆ ਹੈ:

ਗੁਰਮਤ ਵਿੱਚ ਰਾਗ ਨਾਲ ਮਿਲਿਆ ਕਰਤਾਰ ਦਾ ਕੀਰਤਨ ਧਰਮ ਦਾ ਅੰਗ ਹੈ।- ***ਗੁਣ ਗੋਵਿੰਦ ਗਾਵਹੁ ਸਭਿ ਹਰਿ ਜਨ ਰਾਗ ਰਤਨ ਰਸਨਾ ਆਲਾਪ।*** (ਦੇਖੋ ਚਾਰ ਚੌਕੀਆਂ)। ਇਸ ਐਂਟਰੀ ਦੇ ਫੁਟ ਨੋਟ ਵਿੱਚ ਦੱਸਿਆ ਹੈ:

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਰਾਗਾਂ ਦੇ ਸਰੂਪ ਕਈ ਭਿੰਨ ਪ੍ਰਕਾਰ ਦੇ ਡਾਕਟਰ ਚਰਨ ਸਿੰਘ ਜੀ ਨੇ ਬਾਣੀ ਬਿਓਰੇ ਵਿੱਚ ਲਿਖੇ ਹਨ। ਜਿਸ ਪ੍ਰੇਮੀ ਨੂੰ ਉਨ੍ਹਾਂ ਦੇ ਜਾਣਨ ਦੀ ਇੱਛਾ ਹੋਵੇ ਉਹ ਉਸ ਗ੍ਰੰਥ ਵਿੱਚ ਵੇਖ ਸਕਦਾ ਹੈ।

ਮਕਾਲਿਫ ਸਾਹਿਬ ਨੇ ਸਿੱਖ ਰਿਲੀਜਨ ਦੀ ਪੰਜਵੀਂ ਜਿਲਦ ਵਿੱਚ ਗੁਰਬਾਣੀ ਦੇ ਰਾਗਾਂ ਦੇ ਸਰੂਪ ਬੜੀ ਮਿਹਨਤ ਨਾਲ ਦਰਬਾਰ ਨਾਭਾ ਦੇ ਖਰਚ ਪੁਰ ਮਹੰਤ ਗੱਜਾ

ਸਿੰਘ ਜੀ ਅਤੇ ਇੱਕ ਯੋਗ ਬੈਂਡ ਮਾਸਟਰ ਦੀ ਸਹਾਇਤਾ ਨਾਲ ਪੱਛਮੀ ਢੰਗ ਤੇ ਲਿਖੇ ਹਨ। ਜਿਸ ਤੋਂ ਸੁਰਾਂ ਦੇ ਚਿੰਨ੍ਹ ਜਾਣਨ ਵਾਲਾ ਆਸਾਨੀ ਨਾਲ ਗਾ ਵਜਾ ਸਕਦਾ ਹੈ। (ਦੇਖੋ ਪੈਨਾਂ 333- 351..)

ਰਾਗਾਂ ਬਾਰੇ ਐਂਟਰੀਆਂ ਵਿੱਚ ' ਸਿਰੀ ਰਾਗ ਦੀ ਐਂਟਰੀ ਦਾ ਅਧਿਐਨ ਕਰਦੇ ਹਾਂ।

**ਸਿਰੀ ਰਾਗ:**

ਇਸ ਰਾਗ ਦਾ ਨਾਉਂ ਤਾਂ ਕੇਵਲ ਸ਼੍ਰੀ ਹੈ ਪਰ ਰਾਗ ਸ਼ਬਦ ਵਾਧੂ ਸਾਥ ਜੋੜਿਆ ਗਿਆ ਹੈ। ਇਹ ਪੂਰਬੀ ਥਾਟ ਦਾ ਔੜਵ ਸੰਪੂਰਨ ਰਾਗ ਹੈ ਅਰਥਾਤ ਆਰ ਹੀ ਵਿੰਚ ਗਾਂਧਾਰ ਅਤੇ ਧੈਵਤ ਵਰਜਿਤ ਹਨ। ਰਿਸ਼ਭ ਵਾਦੀ ਅਤੇ ਪੰਚਮ ਸੰਵਾਦੀ ਸੁਰ ਹੈ। ਰਿਸ਼ਭ ਧੈਵਤ ਕੋਮਲ, ਮੱਧਮ ਤੀਬਰ ਅਤੇ ਬਾਕੀ ਸੁਰ ਸ਼ੁੱਧ ਹਨ।

ਆਰੋਹੀ- ਸ ਰਾ ਮੀ ਪ ਨ ਸ

ਅਵਰੋਹੀ- ਸ ਨ ਧਾ ਪ ਮੀ ਗ ਰਾ ਸ

ਇਸ ਦੇ ਗਾਉਣ ਦਾ ਸਮਾਂ ਲੌਢਾ ਵੇਲਾ ਹੈ।

ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਸ੍ਰੀ ਪਹਿਲਾ ਰਾਗ ਹੈ। ਰਾਗਾਂ ਦੀ ਬਾਣੀ ਇਸੇ ਤੋਂ ਅਰੰਭ ਹੁੰਦੀ ਹੈ।

***ਰਾਗਾਂ ਵਿੱਚ ਸਿਰੀ ਰਾਗ ਹੈ*** (ਵਾਰ ਸ੍ਰੀ ਮ: 3)

***ਰਾਗਨ ਮੇਂ ਸਿਰੀ ਰਾਗ ਪਾਰਸ ਪਖਾਨ ਹੈ।*** (ਭਾ ਗੁ)

ਇਸ ਤਰ੍ਹਾਂ ਭਾਈ ਕਾਹਨ ਸਿੰਘ ਨਾਭਾ ਮਹਾਨ ਕੋਸ਼ ਵਿੱਚ ਰਾਗ ਦਾ ਸਿਧਾਂਤਕ ਅਤੇ ਕਿਰਿਆਤਮਕ ਵੇਰਵਾ ਦੇਣ ਦੇ ਨਾਲ ਗੁਰਮਤ ਸੰਗੀਤ ਵਿੰਚ ਇਸ ਦੇ ਸਥਾਨ ਅਤੇ ਮਹੱਤਤਾ ਦਾ ਵੇਰਵਾ ਵੀ ਦੇ ਦਿੰਦੇ ਹਨ।

ਗੁਰੂ ਗ੍ਰੰਥ ਸਾਹਿਬ ਦੇ ਸ਼ਬਦਾਂ ਉਪਰ ਰਾਗ ਦੇ ਨਾਲ ਘਰ ਦਾ ਸੰਕੇਤ ਵੀ ਦਿੱਤਾ ਹੋਇਆ ਹੈ। ਘਰ ਦੇ ਅਰਥਾਂ ਬਾਰੇ ਅਜੇ ਤੱਥ ਸਪਸ਼ਟਤਾ ਨਹੀਂ ਹੋਈ। ਮਹਾਨ ਕੋਸ਼ ਇਸ ਬਾਰੇ ਵੇਰਵਾ ਦਿੱਤਾ ਹੈ:

ਗੁਰਮਤਿ ਸੰਗੀਤ ਅਨੁਸਾਰ ਘਰ ਦੇ ਦੋ ਅਰਥ ਹਨ ਇੱਕ ਤਾਲ, ਦੂਜਾ ਸਵਰ ਅਤੇ ਮੂਰਛਨਾ ਦੇ ਭੇਦ ਕਰਕੇ ਇੱਕ ਹੀ ਰਾਗ ਦੇ ਸਰਗਮ ਪ੍ਰਸਤਾਰ ਅਨੁਸਾਰ ਗਾਉਣ ਦੇ ਪ੍ਰਕਾਰ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ 1 ਤੋਂ 17 ਤੀਕ ਘਰ ਲਿਖੇ ਹਨ, ਇਸ ਤੋਂ ਗਵੈਯੇ ਨੂੰ ਸੂਚਨਾ ਹੈ ਕਿ ਇਸ ਸ਼ਬਦ ਨੂੰ ਇਸ ਰਾਗ ਦੇ ਇਤਨਵੇਂ ਨੰਬਰ ਦੇ ਸਵਰ ਪ੍ਰਸਤਾਰ ਅਨੁਸਾਰ ਗਾਓ। ਇਸ ਐਂਟਰੀ ਦੇ ਫੁਟਨੋਟ ਵਿੱਚ ਲਿਖਿਆ ਹੈ- ਸ਼ੋਕ ਹੈ ਕਿ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਦੱਸੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਰਾਗਾਂ ਦੇ ਘਰ (ਸਵਰ ਪ੍ਰਸਤਾਰ) ਹੁਣ ਰਾਗੀ ਭੁਲਾ ਬੈਠੇ ਹਨ।

ਤਾਲ:

ਸੰਗੀਤ ਅਨੁਸਾਰ ਸਮੇਂ ਅਤੇ ਲੈ ਦੀ ਵੰਡ ਕਰਨ ਲਈ ਤਾਲੀ ਦੀ ਧੁਨਿ।

***ਰੋਟੀਆ ਕਾਰਣਿ ਪੂਰਹਿ ਤਾਲ*** ( ਵਾਰ ਆਸਾ)

ਸੰਗੀਤ ਸ਼ਾਸਤ੍ਰ ਵਿੱਚ ਲਿਖਿਆ ਹੈ ਕਿ ਸ਼ਿਵ ਦੀ ਤਾਂਡਵ ਨ੍ਰਿਤਯ ਤੋਂ ਤਾ ਅਤੇ ਪਾਰਵਤੀ ਦੀ ਲਾਸਯ ਨ੍ਰਿਤਯ ਤੋਂ ਲ ਲੈ ਕੇ ਤਾਲ ਸ਼ਬਦ ਬਣਿਆ ਹੈ।

ਗੁਰਮਤਿ ਸੰਗੀਤ ਦੇ ਵਿਵਹਰਕ ਪੱਖ ਤੋਂ ਜਾਣਕਾਰੀ ਪ੍ਰਾਪਤ ਕਰਨ ਲਈ ਮਹਾਨ ਕੋਸ਼ ਭਰਪੂਰ ਸਹਾਇਤਾ ਕਰਦਾ ਹੈ।

***ਰਹਾਉ :***

ਰਹਾਉ ਸ਼ਬਦ ਦਾ ਅਰਥ ਕਰਦਿਆਂ ਮਹਾਨ ਕੋਸ਼ ਵਿੱਚ ਲਿਖਿਆ ਹੈ:

ਟੇਕ, ਸਥਾਈ, ਉਹ ਪਦ ਜੋ ਗਾਉਣ ਵੇਲੇ ਵਾਰ ਵਾਰ ਅੰਤਰੇ ਪਿੱਛੋਂ ਵਰਤਿਆ ਜਾਵੇ। ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸ਼ਬਦਾਂ ਵਿੱਚ ਜੋ ਰਹਾਉ ਸ਼ਬਦ ਆਉਂਦਾ ਹੈ ਉਸ ਦਾ ਇਹੀ ਭਾਵ ਹੈ। (ਸੰਪ੍ਰਦਾਈ ਗਿਆਨੀ ਆਖਦੇ ਹਨ ਕਿ ਸਾਰੇ ਸ਼ਬਦ ਦਾ ਸਿਧਾਂਤ ਅਤੇ ਕੇਂਦਰੀ ਖਿਆਲ ਰਹਾਉ ਦੀ ਤੁਕ ਵਿੱਚ ਹੁੰਦਾ ਹੈ।) ਦੇਖੋ ਰਾਮਕਲੀ ਦੀ ਪਹਿਲੀ ਵਾਰ ਦੀ ਪਹਿਲੀ ਪੌੜੀ ਦੇ ਅੰਤ ਰਹਾਉ ਸ਼ਬਦ। ਇਸ ਦਾ ਭਾਵ ਹੈ ਕਿ ਹਰੇਕ ਪੌੜੀ ਦੇ ਅੰਤ ਪਿਛਲੀ ਤੁਕ ਜੋੜਕੇ ਪਾਠ ਕਰੋ।।

ਰਹਾਉ ਦੂਜਾ: ਇੱਕ ਸ਼ਬਦ ਵਿੱਚ ਜਿਥੇ ਸਥਾਈ ਲਈ ਦੋ ਤੁਕਾਂ ਰਚੀਆਂ ਹਨ, ਉੱਥੇ ਇਹ ਪਦ ਵਰਤਿਆ ਹੈ, ਅਰ ਦੋਹਾਂ ਵਿੱਚੋ ਗਾਉਣ ਵਾਲੇ ਦੀ ਮਰਜੀ ਹੈ, ਜਿਸ ਟੇਕ ਨੂੰ ਚਾਹੇ ਵਰਤੇ। ਜੈਸੇ- ਸੋਰਠ ਮ: 5 ਦੀ ਅਸਟਪਦੀ - ***ਪਾਠ ਪੜਿਓ ਅਰੁ ਬੇਦੁ ਬੀਚਾਰਿਓ***- ਵਿੱਚ ਦੋ ਰਹਾਉ ਹਨ- ***ਪਿਆਰੇ ਇਨ ਬਿਧਿ ਮਿਲਣੁ ਨ ਜਾਈ ਮੈ ਕੀਏ ਕਰਮ ਅਨੇਕਾ***, ਅਤੇ - ***ਤੇਰੋ ਸੇਵਕ ਇਹ ਰੰਗਿ ਮਾਤਾ।***

ਸਥਾਈ ਜਾਂ ਰਹਾਉ ਬਾਰੇ ਹੀ ਇਤਨਾ ਸਪੱਸ਼ਟ ਬਿਆਨ ਨਹੀਂ ਕੀਤਾ ਗਿਆ ਸਗੋਂ ਗੁਰਮਤਿ ਸੰਗੀਤ ਨਾਲ ਸੰਬੰਧਤ ਅੰਤਰੇ ਬਾਰੇ ਵੀ ਆਪ ਲਿਖਦੇ ਹਨ : -ਟੇਕ (ਸਥਾਈ- ਰਹਾਉ) ਦੀਆਂ ਤੁਕਾਂ ਤੋਂ ਭਿੰਨ, ਸ਼ਬਦ ਦੀਆਂ ਬਾਕੀ ਤੁਕਾਂ। ਉਹ ਪਦ ਅਤੇ ਵਾਕ, ਜੋ ਰਹਾਉ ਦੀ ਤੁਕ

ਦੇ ਅੰਦਰ ਗਾਏ ਜਾਣ।

ਮਹਾਨ ਕੋਸ਼ ਵਿੱਚ ਗੁਰਮਤਿ ਸੰਗੀਤ ਗਾਇਨ ਪਧਤੀ ਦੇ ਕੁਝ ਗੁਝੇ ਰਹੱਸਾਂ ਨੂੰ ਸੁਲਝਾਉਣ ਦਾ ਜਤਨ ਕੀਤਾ ਗਿਆ ਹੈ।

ਗੁਰੂ ਗ੍ਰੰਥ ਸਾਹਿਬ ਅੰਦਰ ਦਰਜ ਵੱਖ ਵੱਖ ਗੁਰੂ ਸਾਹਿਬਾਨ ਦੀਆਂ ਵਾਰਾਂ ਉਪਰ ਉਹਨਾਂ ਨੂੰ ਗਾਉਣ ਲਈ ਕੁਝ ਧੁਨੀਆਂ ਦਾ ਹਵਾਲਾ ਦਿੱਤਾ ਗਿਆ ਹੈ ਭਾਈ ਕਾਹਨ ਸਿੰਘ ਨਾਭਾ ਧੁਨੀ ਸ਼ਬਦ ਦੀ ਵਿਆਖਿਆ ਕਰਨ ਦੇ ਨਾਲ ਵਖ ਧੁਨੀਆਂ ਦੀਆਂ ਵਾਰਾ ਬਾਰੇ ਜਾਣਕਾਰੀ ਦਿੰਦੇ ਹਨ:

**ਧੁਨੀ-**

ਗਾਉਣ ਦੀ ਧਾਰਨਾ। ਗਾਉਣ ਦਾ ਢੰਗ। ਸ੍ਰੀ ਗੁਰੂ ਅਰਜਨ ਸਾਹਿਬ ਨੇ ਨੌ ਵਾਰਾਂ ਅਜੇਹੀਆਂ ਚੁਣੀਆਂ ਚੁਣੀਆਂ, ਜਿਨ੍ਹਾਂ ਦੇ ਗਾਉਣ ਦੀ ਧਾਰਨਾ ਪੁਰਾਣੇ ਯੋਧਿਆਂ ਦੀਆਂ ਵਾਰਾਂ ਅਨੁਸਾਰ ਰਬਾਬੀਆਂ ਨੂੰ ਦੱਸੀ, ਅਰ ਪੁਰਾਣੀਆਂ ਵਾਰਾਂ ਦੇ ਪਤੇ ਵਾਰਾਂ ਦੇ ਮੁੱਢ ਲਿਖੇ।

ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਨੇ ਢਾਡੀਆਂ ਤੋਂ ਇਹ ਨੌ ਧੁਨੀਆਂ ਵੀਰ ਰਸ ਦੀ ਵਿੱਧੀ ਲਈ ਗਵਾਈਆਂ, ਜੋ ਹੁਣ ਤੀਕ ਟਕਸਾਲੀ ਰਾਗੀ ਰਬਾਬੀ ਗਾਉਂਦੇ ਹਨ। ਬਹੁਤ ਲੇਖਕਾਂ ਨੇ ਲਿਖਿਆ ਹੈ ਕਿ ਧੁਨੀਆਂ ਛੀਵੇਂ ਸਤਿਗੁਰੂ ਨੇ ਚੜ੍ਹਾਈਆਂ ਹਨ ਪਰ ਇਹ ਅਸਤਯ ਹੈ।

ਇਸ ਐਂਟਰੀ ਦੇ ਫੁਟਨੋਟ ਵਿੱਚ ਹੋਰ ਸਪੱਸ਼ਟ ਕਰਦੇ ਹਨ:

**ਜਿਨ੍ਹਾਂ ਵਾਰਾਂ ਦੀਆਂ ਧੁਨੀਆਂ ਗਾਉਣ ਲਈ ਪਸੰਦ ਕੀਤੀਆਂ ਗਈਆਂ, ਉਹ ਗੁਰਮਤ ਅਨੁਕੂਲ ਹਨ ਜਾਂ ਨਹੀਂ, ਇਸ ਦਾ ਇੱਥੇ ਸਵਾਲ ਨਹੀਂ, ਕੇਵਲ ਗਾਉਣ ਦੀ ਤਰਜ਼ ਲਈ ਗਈ ਹੈ, ਜਿਵੇਂ ਲੱਛੀ ਦੇ ਗੀਤ ਦੀ ਧਾਰਨਾ ਅਨੁਸਾਰ ਕਈ ਸਿੱਖ ਸ਼ਬਦ ਗਾਉਂਦੇ ਹਨ, ਲੱਛੀ ਧਰਮਾਤਮਾ ਸੀ ਜਾਂ ਨਹੀਂ ਇੱਥੇ -ਇਥੇ ਇਹ ਸਵਾਲ ਕਰਨਾ ਅਗਯਾਨ ਹੈ।**

ਇਸ ਦੇ ਨਾਲ ਨਾਲ ਧੁਨੀਆਂ ਵਾਲੀਆਂ ਪੁਰਾਤਨ ਵਾਰਾਂ ਦੀ ਕਹਾਣੀ ਅਤੇ ਇੱਕ ਪਉੜੀ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਵਾਰਾਂ ਨਾਲ ਤੁਲਨਾ ਕਰਨ ਲਈ ਦਿੱਤੇ ਗਏ ਹਨ। ਮਾਝ ਦੀ ਵਾਰ ਬਾਰੇ ਲਿਖਿਆ ਹੈ:

**ਮਾਝ ਕੀ ਵਾਰ, ਮਲਕ ਮੁਰੀਦ ਤਥਾ ਚੰਦ੍ਰਹੜਾ ਸੋਹੀਆ ਕੀ ਧੁਨੀ ਮਲਿਕ ਜਾਤੀ ਦਾ ਮੁਰੀਦ ਖਾਨ ਅਤੇ ਸੋਹੀ** ਜਾਤਿ ਦਾ ਚੰਦ੍ਰਹੜਾ ਦੋਵੇਂ ਅਕਬਰ ਦੇ ਫੌਜੀ ਸਰਦਾਰ ਆਪੋ ਵਿੱਚ ਵਿਰੋਧ ਰਖਦੇ ਸਨ। ਇੱਕ ਵਾਰ ਬਾਦਸ਼ਾਹ ਨੇ ਸਰਹੱਦੀ ਮੁਹਿੰਮ ਤੇ ਮਲਿਕ ਨੂੰ ਤੋਰ ਦਿੱਤਾ। ਮਲਿਕ ਨੇ ਵੈਰੀ ਨੂੰ ਜਿੱਤ ਕੇ ਮੁਲਕ ਪੁਰ ਕਬਜਾ ਕੀਤਾ ਅਤੇ ਅਮਨ ਕਾਇਮ ਕਰਨ ਲਈ ਕੁਝ ਸਮਾਂ ਉੱਥੇ ਠਹਿਰਿਆ। ਖਰਚੰਦ੍ਰਹੜਾ ਨੇ ਚਾਲਾਕੀ ਨਾਲ ਬਾਦਸ਼ਾਹ ਨੂੰ ਜਤਾਇਆ ਕਿ ਮਲਿਕ ਮੁਲਕ ਤੇ ਕਾਬਿਜ ਹੋ ਕੇ ਬਾਗੀ ਹੋ ਗਿਆ ਹੈ।

ਇਸ ਪਰ ਬਾਦਸ਼ਾਹ ਨੇ ਚੰਦ੍ਰਹੜਾ ਨੂੰ ਮਲਿਕ ਦੇ ਹੋਸ਼ ਠਿਕਾਣੇ ਕਰਨ ਭੇਜਿਆ। ਦੋਵੇਂ ਯੋਧਾ ਮੈਦਾਨੇ ਜੰਗ ਵਿੱਚ ਕਟ ਕੇ ਮਰ ਗਏ। ਢਾਡੀਆਂ ਨੇ ਉਨ੍ਹਾਂ ਦੀ ਵਾਰ ਇਸ ਵਜਨ ਤੇ ਬਣਾਈ-

**ਕਾਬੁਲ ਵਿੱਚ ਮੁਰੀਦ ਖਾਂ ਫੜਿਆ ਬਡੋ ਜੋਹ,**
**ਚੰਦ੍ਰਹੜਾ ਲੈ ਫੌਜ ਕੋ ਚੜ੍ਹਿਆ ਬਡ ਤੋਰ,**
**ਦੁਹਾਂ ਕੰਧਾਰਾਂ ਮੁਹ ਜੁੜੇ ਦਾਮਾਮੇ ਦੌਰ,**
**ਸਸਤ੍ਰ ਪਜੂਤੇ ਸੂਰਿਆਂ ਸਿਰ ਬੱਧੇ ਟੋਰ,**
**ਹੋਲੀ ਖੇਲੇ ਚੰਦ੍ਰਹੜਾ ਰੰਗ ਲੱਗੇ ਸੋਰ,**
**ਦੋਵੇਂ ਤਰਫਾਂ ਜੁੱਟੀਆਂ ਸਰ ਵੱਗਨ ਕੋਰ,**
**ਮੈ ਭੀ ਰਾਇ ਸਦਾਇਸਾਂ ਵੜਿਆ ਲਾਹੌਰ,**
**ਦੋਵੇਂ ਸੂਰੇ ਸਾਮਣੇ ਜੂਝੇ ਉਸ ਠੌਰ,**
**ਇਸ ਨਾਲ ਅਠ ਤੁਕੀ ਪੌੜੀ ਮਾਝ ਵਾਰ ਦੀ ਦੇਖ -**
**ਤੂੰ ਕਰਤਾ ਪੁਰਖੁ ਅਗੰਮ ਹੈ ਆਪਿ ਸ੍ਰਿਸਟਿ ਉਪਾਤੀ।**

ਇਸੇ ਤਰ੍ਹਾਂ ਹੀ ਬਾਕੀ ਅੱਠ ਵਾਰਾਂ ਦਾ ਵੇਰਵਾ ਮਹਾਨ ਕੋਸ਼ ਵਿੱਚ ਦਿੱਤਾ ਹੈ। ਮਹਾਨ ਕੋਸ਼ ਗੁਰਮਤਿ ਸੰਗੀਤ ਦੇ ਅਜਿਹੇ ਰਹੱਸਾਂ ਬਾਰੇ ਜਾਣਕਾਰੀ ਦੇਣ ਦੇ ਸਮਰਥ ਗ੍ਰੰਥ ਹੈ।

ਹਰਿਮੰਦਰ ਸਾਹਿਬ ਦੀ ਕੀਰਤਨ ਮਰਯਾਦਾ ਵਿੱਚ ਸ਼ਾਮਲ ਚੌਕੀਆਂ ਬਾਰੇ ਮਹਾਨ ਕੋਸ਼ ਵਿੱਚ ਦੱਸਿਆ ਹੈ:

ਚਾਰ ਚੌਕੀਆਂ- ਕੀਰਤਨ ਦੀਆਂ ਚਾਰ ਸਮੇਂ ਦੀਆਂ ਭਜਨ ਮੰਡਲੀਆਂ। ਗੁਰੂ ਅਰਜਨ ਦੇਵ ਜੀ ਦੀ ਥਾਪੀ ਹੋਈ ਚਾਰ ਸਮੇਂ ਕੀਰਤਨ ਦੀ ਰੀਤੀ-

1. ਅੰਮ੍ਰਿਤ ਵੇਲੇ ਆਸਾ ਦੀ ਵਾਰ ਦੀ ਚੌਕੀ।

2. ਸਵਾ ਪਹਿਰ ਦਿਨ ਚੜ੍ਹੇ ਚਰਨ ਕਵਲ ਦੀ ਚੌਕੀ। --*ਚਰਨ ਕਵਲ ਪ੍ਰਭ ਕੇ ਨਿਤ ਧਿਆਏ*- ਸ਼ਬਦ ਗਾਏ ਜਾਣ ਤੋਂ ਇਹ ਸੰਗਯਾ ਹੈ।

3. ਸੰਝ ਵੇਲੇ ਰਹਿਰਾਸ ਤੋਂ ਪਹਿਲਾਂ ਸੋਦਰ ਦੀ ਚੌਕੀ।- ਸੋ ਦਰ ਕੇਹਾ ਸੋ ਘਰ ਕੇਹਾ-ਸ਼ਬਦ ਕਰੇ ਇਹ ਸੰਗਯਾ ਹੈ।

4 ਚਾਰ ਘੜੀ ਰਾਤ ਵੀਤਣ ਪੁਰ ਕਲਯਾਨ ਦੀ ਚੌਕੀ, ਜਿਸ ਵਿੱਚ ਕਲਯਾਨ ਰਾਗ ਦੇ ਸ਼ਬਦ ਗਾਏ ਜਾਂਦੇ ਹਨ।

ਗੁਰਮਤਿ ਸੰਗੀਤ ਬਾਰੇ ਇਸ ਪ੍ਰਕਾਰ ਪ੍ਰਮਾਣੀਕ ਜਾਣਕਾਰੀ ਦੇਣ ਦੇ ਨਾਲ ਗੁਰਮਤਿ ਸੰਗੀਤ ਦੇ ਕੀਰਤਨਕਾਰਾਂ ਬਾਰੇ ਵੀ ਵੇਰਵੇ ਮਹਾਨ ਕੋਸ਼ ਵਿੱਚ ਦਿੱਤੇ ਗਏ ਹਨ। ਭਾਈ ਮਰਦਾਨਾ ਬਾਰੇ ਐਂਟਰੀ ਵਿੱਚ ਲਿਖਿਆ ਹੈ:

ਲਖੋ ਦੇ ਉਧਰ ਤੋਂ ਬਾਦਰੇ ਮਿਰਾਸੀ ਦਾ ਪੁਤ੍ਰ, ਜੋ ਸੰਮਤ 1516 ਵਿੱਚ ਤਲਵੰਡੀ ਜਨਮਿਆ, ਅਤੇ ਸ਼੍ਰੀ ਗੁਰੂ ਨਾਨਕ ਦੇਵ ਦਾ ਸਿੱਖ ਹੋ ਕੇ ਭਾਈ ਪਦ ਦਾ ਅਧਿਕਾਰੀ ਹੋਇਆ। ਇਹ ਦੇਸ਼ ਦੇਸ਼ਾਂਤਰਾਂ ਵਿੱਚ ਜਗਤ ਗੁਰੂ ਦੀ ਸੇਵਾ ਵਿੱਚ ਹਾਜ਼ਰ ਰਹਿ ਕੇ ਕੀਤਰਨ ਕਰਦਾ ਰਿਹਾ। ਇਸ ਦਾ ਦੇਹਾਂਤ 13 ਮੱਘਰ ਸੰਮਤ 1591 ਨੂੰ ਅਫਗਾਨਿਸਤਾਨ ਦੇ ਕੁੱਰਮ ਦਰਿਆ ਦੇ ਕਿਨਾਰੇ ਕੁੱਰਮ ਨਗਰ ਵਿੱਚ ਹੋਇਆ, ਜਿੱਥੇ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਇਸ ਦੀ ਦੇਹ ਆਪਣੇ ਹੱਥੀਂ ਸਸਕਾਰੀ। ਰਬਾਬ ਵਜਾਉਣ ਕਰਕੇ ਰਬਾਬੀ ਉਪਾਧੀ ਭਾਈ ਮਰਦਾਨੇ ਦੇ ਨਾਮ ਨਾਲ ਆਉਂਦੀ ਹੈ। ਵਾਰ ਬਿਹਾਗੜਾ ਵਿੱਚ ਭਾਈ ਮਾਰਦਾਨੇ ਦੇ ਨਾਮ ਪੁਰ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਦੋ ਸ਼ਲੋਕ ਦੇਖੀਦੇ ਹਨ। (ਦੇਖੋ ਪੌੜੀ 12) ਇਸ ਐਂਟਰੀ ਦੇ ਫੁਟਨੋਟ ਵਿੱਚ ਲਿਖਿਆ ਹੈ- ਗਿਆਨੀ ਠਾਕੁਰ ਸਿੰਘ ਜੀ ਨੇ ਭਾਈ ਮਰਦਾਨੇ ਦੇ ਜਨਮ ਦਾ ਮਹੀਨਾ ਫਗੁਣ ਅਤੇ ਦੇਹਾਂਤ ਦਾ ਸੰਮਤ 1595 ਲਿਖਿਆ ਹੈ। ਕਈਆਂ ਨੇ ਸੰਮਤ 1581 ਦੱਸਿਆ ਹੈ, ਅਰ ਮਰਦਾਨੇ ਦਾ ਪਰਲੋਕ ਗਮਨ ਕਰਤਾਰ ਪੁਰ ਹੋਣਾ ਲਿਖਿਆ ਹੈ। ਅਸੀਂ 1591 ਸਹੀ ਮੰਨਿਆ ਹੈ।

ਮਹਾਨ ਕੋਸ਼ ਗੁਰਮਤਿ ਸੰਗੀਤ ਦੀ ਜਾਣਕਾਰੀ ਇੱਕ ਪ੍ਰਾਣੀਕ ਗ੍ਰੰਥ ਹੋਣ ਦੇ ਨਾਤੇ ਗੁਰਮਤਿ ਸੰਗੀਤ ਦੇ ਅਜੋਕੇ ਖੋਜਕਾਰਾਂ ਲਈ ਮਾਰਗ ਦਰਸ਼ਨ ਕਰਦਾ ਹੈ। ਸਚਮੁਚ ਹੀ ਗੁਰਮਤਿ ਸੰਗੀਤ ਸੰਬੰਧੀ ਇਹ ਗ੍ਰੰਥ ਮਹਤਵਪੂਰਨ ਸਰੋਤ ਹੈ।

*422, ਸੈਕਟਰ 15-ਏ, ਚੰਡੀਗੜ੍ਹ*

# ਗੁਰੂ ਰਾਮਦਾਸ ਜੀ ਦੀ ਬਾਣੀ-ਇਕ ਅਧਿਐਨ ਗੁਰਮਤਿ ਸੰਗੀਤ ਦੇ ਸੰਦਰਭ ਵਿਚ

ਇੰਦਰਪ੍ਰੀਤ ਕੌਰ ਐਮ.ਏ. (ਵਿਦਿਆਰਥੀ)

ਗੁਰੂ ਨਾਨਕ ਦੇਵ ਜੀ ਦੁਆਰਾ ਚਲਾਈ ਗਈ ਸ਼ਬਦ ਕੀਰਤਨ ਦੀ ਪ੍ਰੰਪਰਾ ਨੂੰ ਅੱਗੇ ਚਲਾਉਣ ਵਾਲੇ ਅਤੇ ਗੁਰਮਤਿ ਦੀ ਇਸ ਸੰਗੀਤ ਪਧਤੀ ਵਿਚ ਆਪਣਾ ਵਡਮੁੱਲਾ ਯੋਗਦਾਨ ਪਾਉਣ ਵਾਲੇ ਗੁਰੂ ਰਾਮਦਾਸ ਚੌਥੇ ਪਾਤਸ਼ਾਹ ਦਾ ਜਨਮ 24 ਸਤੰਬਰ 1534 ਈਸਵੀ ਨੂੰ ਚੂਨਾ ਮੰਡੀ ਲਾਹੌਰ ਵਿਖੇ ਸ੍ਰੀ ਹਰੀ ਦਾਸ ਜੀ ਦੇ ਘਰ ਹੋਇਆ। ਮਾਤਾ ਪਿਤਾ ਦਾ ਪਲੇਠਾ ਪੁੱਤਰ ਹੋਣ ਕਰਕੇ ਆਪ ਜੀ ਦਾ ਨਾਮ ਰਾਮਦਾਸ ਦੀ ਥਾਂ ਤੇ ਜੇਠਾ ਹੀ ਪ੍ਰਸਿੱਧ ਹੋਇਆ। ਜੇਠਾ ਜੀ ਬਚਪਨ ਤੋਂ ਹੀ ਸੇਵਾ ਅਤੇ ਸ਼ਰਧਾਮਈ ਭਾਵਾਂ ਨਾਲ ਵੀ ਭਰਭੂਰ ਸਨ।

ਗੁਰੂ ਅਮਰਦਾਸ ਜੀ ਨਾਲ ਮੇਲ ਹੋਣ ਤੋਂ ਹੀ ਜੇਠਾ ਜੀ ਗੁਰੂ ਦਰਬਾਰ ਵਿਚ ਆਈਆਂ ਸੰਗਤਾਂ ਦੀ ਸੇਵਾ ਕਰਿਆ ਕਰਦੇ ਸਨ। ਜਿਸ ਤੋਂ ਪ੍ਰਸੰਨ ਹੋ ਕੇ ਤੀਸਰੇ ਪਾਤਸ਼ਾਹ ਸਾਹਿਬ ਸ੍ਰੀ ਗੁਰੂ ਅਮਰਦਾਸ ਜੀ ਨੇ ਆਪਣੀ ਸਪੁੱਤਰੀ ਬੀਬੀ ਭਾਨੀ ਜੀ ਦਾ ਵਿਆਹ ਜੇਠਾ ਜੀ ਨਾਲ ਕਰਵਾ ਦਿੱਤਾ।

ਉਪਰਾਂਤ ਉਹਨਾਂ ਦੀ ਸੇਵਾ ਭਗਤੀ ਨੂੰ ਦੇਖਦੇ ਹੋਏ ਸੰਨ 1574 ਈਸਵੀ ਵਿਚ ਗੁਰਿਆਈ ਦੇ ਕੇ ਆਪ ਨੂੰ ਗੁਰੂ ਰਾਮਦਾਸ ਦਾ ਨਾਮ ਦੇ ਦਿੱਤਾ ਅਤੇ ਆਪ ਜੀ ਨੂੰ ਗੁਰੂ ਘਰ ਦੀ ਗੁਰਗੱਦੀ ਦਾ ਚੌਥਾ ਗੁਰੂ ਹੋਣ ਦਾ ਮਾਣ ਬਖਸ਼ਿਸ਼ ਕੀਤਾ। ਗੁਰੂ ਅਮਰਦਾਸ ਜੀ 1574 ਤੋਂ 1581 ਈਸਵੀ ਤੱਕ ਗੁਰਗੱਦੀ ਤੇ ਸ਼ੁਸ਼ੋਭਿਤ ਰਹੇ। ਇਸ ਸਮੇਂ ਦੌਰਾਨ ਆਪ ਨੇ ਅਭੁੱਲ ਅਤੇ ਮਹਾਨ ਨਿਰਮਾਣ ਕਾਰਜ ਕੀਤੇ।

**ਸ੍ਰੀ ਅੰਮ੍ਰਿਤਸਰ ਸਾਹਿਬ ਦੀ ਸਥਾਪਨਾ:-** ਸਿੱਖ ਧਰਮ ਦੇ ਪ੍ਰਚਾਰ ਅਤੇ ਗੁਰਮਤਿ ਸੰਗੀਤ ਦੇ ਪਾਸਾਰ ਲਈ ਰਾਮਦਾਸਪੁਰ ਜਾਂ ਗੁਰੂ ਕਾ ਚੱਕ (ਸ੍ਰੀ ਅੰਮ੍ਰਿਤਸਰ) ਦੀ ਨੀਂਹ ਰੱਖੀ ਗਈ। ਗੁਰੂ ਰਾਮਦਾਸ ਜੀ ਦੇ ਅੰਮ੍ਰਿਤਸਰ ਵਸਾਉਣ ਬਾਰੇ ਭਾਈ ਗੁਰਦਾਸ ਆਪਣੀ ਬਾਣੀ ਵਿਚ ਇਉਂ ਫੁਰਮਾਨ ਕਰਦੇ ਹਨ।

*ਬੈਠਾ ਸੋਢੀ ਪਾਤਿਸ਼ਾਹ ਰਾਮਦਾਸੁ ਸਤਿਗੁਰੂ ਕਹਾਵੈ॥*
*ਪੂਰਨੁ ਤਾਲੁ ਖਟਾਇਆ*
*ਅੰਮ੍ਰਿਤਸਰ ਵਿਚ ਜੋਤਿ ਜਗਾਵੈ॥*

ਸ੍ਰੀ ਅੰਮ੍ਰਿਤਸਰ (ਦਰਬਾਰ ਸਾਹਿਬ) ਨੂੰ ਕੀਰਤਨ ਦਾ ਮੁਜੱਸਮਾ ਮੰਨਿਆ ਜਾਂਦਾ ਹੈ। ਇਥੇ ਗੁਰਮਤਿ ਸੰਗੀਤ ਪਰੰਪਰਾ ਅਨੁਸਾਰ ਕੀਰਤਨ ਚੌਂਕੀ ਦੀ ਪਰੰਪਰਾ ਪ੍ਰਚੱਲਿਤ ਹੈ। ਇਹਨਾਂ ਚੌਂਕੀਆਂ ਵਿਚੋਂ ਆਸਾ ਦੀ ਵਾਰ, ਬਿਲਾਵਲ ਦੀ ਚੌਂਕੀ, ਸੋਦਰ ਦੀ ਚੌਂਕੀ, ਆਰਤੀ ਦੀ ਚੌਂਕੀ ਇਹ ਚਾਰ ਚੌਂਕੀਆਂ ਮੁੱਖ ਹਨ। ਇਹਨਾਂ ਚੌਂਕੀਆਂ ਦੇ ਅੰਤਰਗਤ ਵੱਖ-ਵੱਖ ਸਮੇਂ ਉਤੇ ਸਬੰਧਿਤ ਰਾਗਾਂ ਵਿਚ ਕੀਰਤਨ ਕੀਤਾ ਜਾਂਦਾ ਹੈ। ਕੀਰਤਨ ਅਤੇ ਕੀਰਤਨ ਚੌਂਕੀਆਂ ਦੀ ਇਹ ਪਰੰਪਰਾ ਵਰਤਮਾਨ ਸਮੇਂ ਵਿਚ ਵੀ ਹਰਿਮੰਦਰ ਸਾਹਿਬ ਵਿਚ ਨਿਰੰਤਰ ਜਾਰੀ ਹੈ।

**ਰਚਨਾ:-** ਗੁਰੂ ਰਾਮਦਾਸ ਜੀ ਨੇ ਆਪਣੀ ਬਾਣੀ ਦੀ ਸਾਰੀ ਰਚਨਾ 1574 ਈਸਵੀ ਤੋਂ 1581 ਈਸਵੀ ਤੱਕ ਦੇ ਗੁਰਿਆਈ ਦੇ ਸੱਤ ਕੁ ਸਾਲਾਂ ਵਿਚ ਰਚੀ। ਗੁਰੂ ਰਾਮਦਾਸ ਜੀ ਦੀ ਬਾਣੀ ਦਾ ਗੁਰੂ ਗ੍ਰੰਥ ਸਾਹਿਬ ਵਿਚ ਵਿਸ਼ੇਸ਼ ਮਹੱਤਵ ਹੈ। ਗੁਰੂ ਸਾਹਿਬ ਦੀ ਬਾਣੀ ਗੁਰੂ ਗ੍ਰੰਥ ਸਾਹਿਬ ਦਾ ਇਕ ਵੱਡਾ ਹਿੱਸਾ ਹੈ ਅਤੇ ਮਹਾਨ ਵੀ। ਆਪ ਜੀ ਦੀ ਰਚਨਾ ਦਾ ਇਕ ਜਾਤੀ ਰੰਗ ਹੈ ਜੋ ਕਿ ਬਾਕੀ ਗੁਰੂ ਵਿਅਕਤੀਆਂ ਦੇ ਰੰਗ ਤੋਂ ਭਿੰਨ ਹੈ- 'ਵੈਰਾਗ', "ਅੰਮ੍ਰਿਤ ਭਿੰਨੇ ਲੋਇਣਾ", "ਨੀਰ ਵਹੈ ਵਹਿ ਚਲੈ ਜੀਉ" ਉਸ ਰੰਗ ਦਾ ਪ੍ਰਮੁੱਖ ਰੂਪ ਹੈ। ਪ੍ਰਭੂ ਵਿਛੋੜੇ ਵਿਚ ਵੈਰਾਗ ਦੀ ਤੀਬਰਤਾ ਆਪ ਦੀ ਬਾਣੀ ਰਚਨਾ ਦਾ ਪ੍ਰਮੁੱਖ ਵਿਸ਼ਾ ਹੈ। ਇਕ ਉਦਾਹਰਣ ਤੋਂ ਸਪਸ਼ਟ ਹੈ।

*ਮੇਰੇ ਸਤਿਗੁਰਾ ਮੈ ਤੁਝ ਬਿਨੁ ਅਵਰਿ ਨ ਕੋਇ,*
*ਹਮ ਮੂਰਖ ਮੁਗਧ ਸਰਣਾਗਤੀ*
*ਕਰਿ ਕਿਰਪਾ ਮੇਲੇ ਹਰਿ ਸੋਇ।*

ਗੁਰੂ ਰਾਮਦਾਸ ਜੀ ਦੀ ਬਾਣੀ ਜਿਸ ਰੂਪ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਉਪਲਬਧ ਹੈ, ਉਹ ਇਸ ਪ੍ਰਕਾਰ ਹੈ:-

ਸ਼ਬਦ-243
ਛੰਤ-28
ਸਲੋਕ-135
ਵਣਜਾਰਾ-1ਸ਼ਬਦ

ਘੋੜੀਆਂ-2 ਸ਼ਬਦ

ਅਸ਼ਟਪਦੀਆਂ-33

ਵਾਰਾਂ ਦੀਆਂ ਪਉੜੀਆਂ-183

ਪਹਰੇ-1ਸ਼ਬਦ

ਕਰਹਲੇ-2ਸ਼ਬਦ

ਸੋਹਲੇ-2 ਸ਼ਬਦ

ਗੁਰੂ ਰਾਮਦਾਸ ਜੀ ਦੀ ਬਾਣੀ (ਸ਼ਬਦ ਅਤੇ ਸਲੋਕ) 31 ਮੁਖ ਅਤੇ ਮਿਸ਼ਰਤ ਰਾਗਾਂ ਦੇ ਸਿਰਲੇਖ ਅਨੁਸਾਰ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹਨ। ਆਪ ਜੀ ਬਾਣੀ ਹੇਠ ਲਿਖੇ ਰਾਗਾਂ ਦੇ ਅੰਤਰਗਤ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹੈ।

1 ਸਿਰੀ
2 ਮਾਝ
3 ਗਉੜੀ ਗੁਆਰੇਰੀ
4 ਗਉੜੀ ਬੈਰਾਗਣਿ
5 ਗਉੜੀ ਪੂਰਬੀ
6 ਗਉੜੀ ਮਾਝ
7 ਆਸਾ
8 ਆਸਾਵਰੀ
9 ਆਸਾ ਕਾਫੀ
10 ਗੂਜਰੀ
11 ਦੇਵਗੰਧਾਰੀ
12 ਬਿਹਾਗੜਾ
13 ਵਡਹੰਸ
14 ਸੋਰਠਿ
15 ਧਨਾਸਰੀ
16 ਜੈਤਸਰੀ
17 ਟੋਡੀ
18 ਬੈਰਾੜੀ
19 ਤਿਲੰਗ
20 ਸੂਹੀ
21 ਬਿਲਾਵਲ
22 ਰਾਮਕਲੀ
23 ਨਟ
24 ਗੌਂਡ
25 ਮਾਲੀ ਗਉੜਾ
26 ਕੇਦਾਰਾ
27 ਭੈਰਉ
28 ਬਸੰਤ
29 ਸਾਰੰਗ
30 ਮਲਾਰ
31 ਕਾਨੜਾ
32 ਕਲਿਆਣ
33 ਪ੍ਰਭਾਤੀ ਬਿਭਾਸ

ਗੁਰੂ ਰਾਮਦਾਸ ਜੀ ਦੀ ਸਾਰੀ ਬਾਣੀ ਰਚਨਾ ਦਾ ਰਾਗਾਂ ਵਿਚ ਹੋਣਾ ਗੁਰਮਤਿ ਸੰਗੀਤ ਵਿਚ ਰਾਗਾਂ ਦੇ ਮਹੱਤਵ ਨੂੰ ਸਪਸ਼ਟ ਕਰਦਾ ਹੈ। ਗੁਰਮਤਿ ਸੰਗੀਤ ਦੀ ਦ੍ਰਿਸ਼ਟੀ ਤੋਂ ਜੇਕਰ ਅਧਿਐਨ ਕਰੀਏ ਤਾਂ ਗਿਆਤ ਹੁੰਦਾ ਹੈ ਕਿ ਗੁਰੂ ਸਾਹਿਬ ਨੇ ਗੁਰਮਤਿ ਸੰਗੀਤ ਦੇ ਅੰਤਰਗਤ ਵਿਭਿੰਨ ਸ਼ਾਸਤਰੀ ਅਤੇ ਲੋਕ ਗਾਇਨ ਸ਼ੈਲੀਆਂ ਦਾ ਪ੍ਰਯੋਗ ਕੀਤਾ ਹੈ।

ਸ਼ਾਸਤਰੀ ਸੰਗੀਤ ਦੀਆਂ ਗਾਇਨ ਸ਼ੈਲੀਆਂ:- ਪਦੇ, ਅਸ਼ਟਪਦੀਆਂ, ਪੜਤਾਲ।

**ਲੋਕ ਗਾਇਨ ਸ਼ੈਲੀਆਂ:-** ਘੋੜੀਆਂ, ਛੰਤ, ਵਾਰ, ਲੋਕ ਕਾਵਿ ਰੂਪ ਦੀਆਂ ਗਾਇਨ ਸ਼ੈਲੀਆਂ ਦੀਆਂ ਉਦਾਹਰਨਾਂ ਹਨ।

**ਸ਼ਾਸਤਰੀ ਅੰਗ ਵਿਚ ਪੜਤਾਲ ਗਾਇਨ ਸ਼ੈਲੀ:-** ਗੁਰੂ ਰਾਮ ਦਾਸ ਜੀ ਨੇ ਸ਼ਾਸਤਰੀ ਅੰਗ ਦੀਆਂ ਗਾਇਨ ਸ਼ੈਲੀਆਂ ਵਿਚ ਪੜਤਾਲ ਨਾਮਕ ਇਕ ਨਵੀਨ ਗਾਇਨ ਸ਼ੈਲੀ ਦਾ ਪ੍ਰਯੋਗ ਪ੍ਰਥਮ ਰੂਪ ਵਿਚ ਕੀਤਾ। ਪੜਤਾਲ ਗਾਇਨ ਸ਼ੈਲੀ ਤਾਲ ਤੇ ਆਧਾਰਿਤ ਗਾਇਨ ਸ਼ੈਲੀ ਹੈ।

ਪੜਤਾਲ ਗਾਇਨ ਰੂਪ ਗੁਰੂ ਗ੍ਰੰਥ ਸਾਹਿਬ ਵਿਚ ਆਪਣਾ ਇਕ ਨਿਵੇਕਲਾ ਤੇ ਵਿਸ਼ੇਸ਼ ਸਥਾਨ ਰੱਖਦਾ ਹੈ। ਪੜਤਾਲ ਗਾਇਨ ਦੀ ਨਿਵੇਕਲੀ ਪਰੰਪਰਾ ਕੇਵਲ ਗੁਰਮਤਿ ਸੰਗੀਤ ਵਿਚ ਹੀ ਪ੍ਰਚੱਲਿਤ ਹੈ। ਗੁਰਮਤਿ ਸੰਗੀਤ ਤੋਂ ਇਲਾਵਾ ਭਾਰਤੀ ਸੰਗੀਤ ਜਾਂ ਕਿਸੇ ਵੀ ਹੋਰ ਸੰਗੀਤ ਵਿਚ ਪੜਤਾਲ ਗਾਇਨ ਦਾ ਪ੍ਰਚਾਰ ਨਹੀਂ।

ਗੁਰਮਤਿ ਸੰਗੀਤ ਦੇ ਅੰਤਰਗਤ ਪੜਤਾਲ ਵਿਚ ਪਦ ਰਚਨਾ ਹੋਣ ਕਰਕੇ ਇਸ ਸ਼ੈਲੀ ਨੂੰ ਧਰੁਪਦ ਅੰਗ ਤੋਂ ਗਾਏ ਜਾਣ ਦੀ ਰੀਤ ਹੈ। ਪੜਤਾਲ ਗਾਇਨ ਸ਼ੈਲੀ ਨੂੰ ਭਿੰਨ-ਭਿੰਨ ਤਾਲਾਂ ਵਿਚ ਨਿਬੱਧ ਕਰਕੇ ਗਾਏ ਜਾਣ ਦੀ ਰੀਤ ਹੈ। ਇਕ ਗਾਇਨ ਰੂਪ ਵਿਚ ਤਾਲਾਂ ਦਾ ਪਰਤਾਵ ਅਤੇ ਇਹਨਾਂ ਦੀ ਗਿਣਤੀ ਪੰਜ ਹੋਣੀ ਚਾਹੀਦੀ ਹੈ। ਇਹ ਸਾਰੀ ਪ੍ਰਕਿਰਿਆ ਦੌਰਾਨ ਪੜਤਾਲ ਦਾ ਰਾਗ ਇਕੋ ਹੀ ਰਹਿੰਦਾ ਹੈ।

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਗੁਰੂ ਰਾਮਦਾਸ ਅਤੇ ਗੁਰੂ ਅਰਜਨ ਦੇਵ ਜੀ ਦੁਆਰਾ ਰਚਿਤ ਪਚਵੰਜਾ (55) ਪੜਤਾਲਾਂ ਦਰਜ ਹਨ। ਇਹਨਾਂ ਪਚਵੰਜਾ ਪੜਤਾਲਾਂ ਵਿਚ ਸ੍ਰੀ ਗੁਰੂ ਰਾਮਦਾਸ ਜੀ ਦੁਆਰਾ 19 ਪੜਤਾਲਾਂ ਦੀ ਰਚਨਾ ਕੀਤੀ ਗਈ। ਪੜਤਾਲ ਗੁਰੂ ਰਾਮਦਾਸ ਜੀ ਦੁਆਰਾ ਸ਼ੁਰੂ ਕੀਤੀ ਇਕ ਨਿਵੇਕਲੀ ਪਰੰਪਰਾ ਸੀ, ਜਿਸ ਦਾ ਕਿ ਗੁਰਮਤਿ ਸੰਗੀਤ ਵਿਚ ਆਪਣਾ ਵਿਸ਼ੇਸ਼ ਮਹੱਤਵ ਹੈ। ਗੁਰੂ ਰਾਮਦਾਸ ਜੀ ਤੋਂ ਪੂਰਬਲੇ ਗੁਰੂ ਸਾਗਿਬਾਨ ਨੇ ਆਪਣੀ ਬਾਣੀ ਵਿਚ ਪੜਤਾਲ ਸ਼ੈਲੀ ਦਾ ਪ੍ਰਯੋਗ ਨਹੀਂ ਕੀਤਾ।

ਸਿੱਖੀ ਸੰਸਕਾਰਾਂ ਨਾਲ ਸਬੰਧਿਤ ਬਾਣੀ:-ਗੁਰੂ ਰਾਮਦਾਸ ਜੀ ਨੇ ਰਾਗਾਂ ਅਤੇ ਗਾਇਨ ਸ਼ੈਲੀਆਂ ਦੇ ਅੰਤਰਗਤ ਜਿਸ ਬਾਣੀ ਦੀ ਰਚਨਾ ਕੀਤੀ ਉਸ ਬਾਣੀ ਦਾ ਸਿੱਖੀ ਸੰਸਕਾਰਾਂ ਵਿਚ ਆਪਣਾ ਇਕ ਵਿਸ਼ੇਸ਼ ਮਹੱਤਵ ਹੈ। ਗੁਰੂ ਰਾਮਦਾਸ ਜੀ ਦੀਆਂ ਪ੍ਰਮੁੱਖ ਬਾਣੀਆਂ ਵਿਚੋਂ ਵਾਰਾਂ, ਘੋੜੀਆਂ, ਲਾਵਾਂ ਆਦਿਕ ਪ੍ਰਮੁੱਖ ਬਾਣੀਆਂ ਹਨ।

ਵਾਰਾਂ:- ਗੁਰੂ ਸਾਹਿਬ ਨੇ ਕੁੱਲ 8 ਵਾਰਾਂ ਦੀ ਸਿਰਜਨਾ ਕੀਤੀ। ਇਹ ਕ੍ਰਮਵਾਰ ਸ੍ਰੀ ਰਾਗ, ਗਉੜੀ, ਵਡਹੰਸ, ਬਿਲਾਵਲ, ਬਿਹਾਗੜਾ, ਸੋਰਠਿ, ਸਾਰੰਗ, ਕਾਨੜਾ ਰਾਗਾਂ ਵਿਚ ਦਰਜ ਹੈ। ਉਦਾਹਰਣ ਵਜੋਂ ਇਕ ਵਾਰ ਦੀਆਂ ਪੰਕਤੀਆਂ (ਤੁਕਾਂ) ਇਸ ਪ੍ਰਕਾਰ ਹਨ:-

*ਸਭ ਤੇਰੀ ਤੂੰ ਸਭਸ ਦਾ ਸਭ ਤੁਧੁ ਉਪਾਇਆ ॥*
*ਸਭਨਾ ਵਿਚ ਤੂੰ ਵਰਤਦਾ ਤੂੰ ਸਭਨੀਂ ਧਿਆਇਆ ॥*
*ਤੁਧੁ ਜੇਵਡੁ ਦਾਤਾਰੁ ਮੈ ਕੋਈ ਨਦਰਿ ਨਾ ਆਵਈ ॥*
*ਤੁਧੁ ਸਭਸੈ ਨੋ ਦਾਨੁ ਦਿਤਾ ਖੰਡੀ ਵਰਭੰਡੀ ਪਾਤਾਲੀ ॥*
*ਪੁਰਈ ਸਭ ਲੋਈ ॥*

ਗੁਰੂ ਰਾਮਦਾਸ ਜੀ ਨੇ ਵਾਰ ਨਾਮਕ ਇਸ ਸੰਸਾਰੀ ਗੀਤ ਨੂੰ ਇਕ ਨਵਾਂ ਅਧਿਆਤਮਕ ਅਰਥ ਅਤੇ ਮੋੜ ਦਿੱਤਾ।

ਘੋੜੀਆਂ:-ਰਾਗ ਵਡਹੰਸ ਵਿਚ ਗੁਰੂ ਰਾਮਦਾਸ ਜੀ ਨੇ ਲੋਕ ਕਾਵਿ ਅਰਥਾਂ ਵਿਚ ਘੋੜੀਆਂ ਤੋਂ ਭਾਵ ਲਾੜੇ ਦੇ ਘੋੜੀ ਚੜ੍ਹਣ ਦੀ ਗੀਤ ਨੂੰ ਕਹਿੰਦੇ ਹਨ। ਇਸ ਸਬੰਧ ਵਿਚ ਗਾਏ ਜਾਣ ਵਾਲੇ ਗੀਤਾਂ ਨੂੰ ਘੋੜੀਆਂ ਕਿਹਾ ਜਾਂਦਾ ਹੈ।

ਗੁਰੂ ਰਾਮਦਾਸ ਜੀ ਨੇ ਘੋੜੀਆਂ ਨੂੰ ਇਕ ਅਧਿਆਤਮਕ ਅਰਥ ਦੇ ਕੇ ਆਪਣੀ ਬਾਣੀ ਦਾ ਇਕ ਵਿਸ਼ਾ ਬਣਾਇਆ। ਗੁਰੂ ਸਾਹਿਬ ਨੇ ਸਰੀਰ ਨੂੰ ਇਕ ਘੋੜੀ ਦੀ ਨਿਆਈਂ ਮੰਨਿਆ ਹੈ ਜਿਸ ਤੇ ਚੜ੍ਹ ਕੇ ਪਰਮਾਤਮਾ ਤੱਕ ਪਹੁੰਚਣਾ ਹੈ। ਉਦਾਹਰਣ:-

*ਦੇਹ ਤੇਜਣਿ ਜੀ ਰਾਮ ਉਪਾਈਆ ਰਾਮ ।*
*ਧੰਨ ਮਾਣਸ ਜੰਨਿ ਪਾਈਆ ਰਾਮ ॥*
ਅਤੇ
*ਦੇਹ ਘੋੜੀ ਜਿਤ ਜੀ ਹਰ ਪਾਇਆ ਰਾਮ ॥*
*ਮਿਲ ਸਤਿਗੁਰ ਜੀ ਮੰਗਲ ਗਾਇਆ ਰਾਮ ॥*

ਲਾਵਾਂ:- ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਪੰਨਾ 773-774 ਉਤੇ ਸੂਹੀ ਰਾਗ ਦੇ ਛੰਤਾਂ ਵਿਚ ਲਾਵਾਂ ਦੇ ਚਾਰ ਛੰਤ ਗੁਰੂ ਰਾਮਦਾਸ ਜੀ ਦੁਆਰਾ ਰਚਿਤ ਹਨ। ਗੁਰੂ ਰਾਮਦਾਸ ਜੀ ਦੁਆਰਾ ਰਚਿਤ ਲਾਵਾਂ ਸਿੱਖ ਵਿਹਾਰ ਸੰਸਕਾਰ ਦੀ ਕੇਂਦਰੀ ਗੀਤ ਬਣ ਗਏ ਹਨ। ਗੁਰੂ ਰਾਮਦਾਸ ਜੀ ਦੁਆਰਾ ਰਚਿਤ ਲਾਵਾਂ ਦਾ ਵਿਸ਼ਾ ਅਤੇ ਉਦੇਸ਼ ਪ੍ਰਭੂ ਪਰਮਾਤਮਾ ਨਾਲ ਜੀਵ ਇਸਤਰੀ ਦੇ ਮੇਲ ਨੂੰ ਮੰਨਿਆ ਗਿਆ ਹੈ। ਇਹਨਾਂ ਲਾਵਾਂ ਵਿਚ ਗੁਰੂ ਰਾਮਦਾਸ ਜੀ ਨੇ ਗੁਰਮਤਿ ਦੇ ਪੂਰੇ ਰਹੱਸਵਾਦ ਅਤੇ ਜੀਵਨ ਦੇ ਚਾਰ ਮਹੱਤਵਪੂਰਨ ਪੜਾਵਾਂ ਦਾ ਉਲੇਖ ਕੀਤਾ ਹੈ। ਉਦਾਹਰਣ:-

*ਹਰਿ ਪਹਿਲੜੀ ਲਾਵ ਪਰਵਿਰਤੀ*
*ਕਰਮ ਦ੍ਰਿੜਾਇਆ ਬਲਿਰਾਮ ਜੀਉ,*
..........................................
*ਜਨ ਨਾਨਕੁ ਬੋਲੈ ਚਉਥੀ ਲਾਵੇ*
*ਹਰਿ ਪਾਇਆ ਪ੍ਰਭੁ ਅਵਿਨਾਸੀ ॥*

ਸੋ ਸਮੁੱਚੇ ਤੌਰ ਤੇ ਆਖ ਸਕਦੇ ਹਾਂ ਕਿ ਗੁਰੂ ਰਾਮਦਾਸ ਜੀ ਦੀ ਬਾਣੀ ਇਕ ਸੁਹਜ ਸਿਰਜਕ ਦੀ ਅਮਰ ਰਚਨਾ ਹੈ। ਗੁਰੂ ਰਾਮਦਾਸ ਜੀ ਦੀ ਬਾਣੀ ਗੁਰਮਤਿ ਸੰਗੀਤ ਵਿਚ ਇਕ ਵਿਸ਼ੇਸ਼ ਅਤੇ ਮਹੱਤਵਪੂਰਨ ਸਥਾਨ ਰੱਖਦੀ ਹੈ। ਇਸ ਤੋਂ ਇਲਾਵਾ ਗੁਰੂ ਰਾਮਦਾਸ ਜੀ ਦੀ ਸਾਰੀ ਬਾਣੀ ਰਚਨਾ ਦਾ ਰਾਗਾਂ ਵਿਚ ਹੋਣਾ ਗੁਰਮਤਿ ਸੰਗੀਤ ਵਿਚ ਰਾਗਾਂ ਦੇ ਮਹੱਤਵ ਨੂੰ ਸਪਸ਼ਟ ਕਰਦਾ ਹੈ। ਗੁਰਮਤਿ ਸੰਗੀਤ ਦੇ ਅੰਤਰਗਤ ਗੁਰੂ ਰਾਮਦਾਸ ਜੀ ਨੇ ਵਿਭਿੰਨ ਸ਼ਾਸਤਰੀ ਅਤੇ ਲੋਕ ਗਾਇਨ ਸ਼ੈਲੀਆਂ ਦਾ ਪ੍ਰਯੋਗ ਵੀ ਕੀਤਾ ਹੈ। ਇਸ ਤੋਂ ਇਲਾਵਾ ਗੁਰੂ ਰਾਮਦਾਸ ਜੀ ਦੀ ਬਾਣੀ ਸਿੱਖੀ ਸੰਸਕਾਰਾਂ ਨਾਲ ਸਬੰਧਿਤ ਹੈ ਅਤੇ ਇਸ ਬਾਣੀ ਦਾ (ਸਿੱਖੀ ਸੰਸਕਾਰਾਂ ਨਾਲ ਸਬੰਧਿਤ ਬਾਣੀ) ਸਿੱਖਾਂ ਦੇ ਜੀਵਨ ਵਿਚ ਇਕ ਵਿਸ਼ੇਸ਼ ਮਹੱਤਵਪੂਰਨ ਸਥਾਨ ਹੈ।

*ਗੁਰਮਤਿ ਸੰਗੀਤ ਵਿਭਾਗ,*
*ਪੰਜਾਬੀ ਯੂਨੀਵਰਸਿਟੀ ਪਟਿਆਲਾ*

# ਸਾਡੇ ਕੀਰਤਨੀਏ ਭਾਈ ਜਸਪਾਲ ਸਿੰਘ ਯੂ.ਐਸ.ਏ.

## ਗੁਰਜੰਤ ਸਿੰਘ ਰਾਹੀ

ਗੋਰਾ ਨਿਸ਼ੋਹ ਰੰਗ, ਸਫੇਦ ਲੰਬੀ ਦਾੜ੍ਹੀ, ਲੰਬਾ ਕੱਦ, ਸਿਰ ਤੇ ਚਿੱਟਾ ਗੋਲ ਦਸਤਾਰਾ, ਗੁਰਮੁਖੀ ਲਿਬਾਸ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿਚ ਸੰਗਤਾਂ ਨਾਲ ਭਰੇ ਹਾਲ ਵਿਚ *"ਤੇਰੀ ਸਰਣ ਮੇਰੇ ਦੀਨ ਦਿਆਲਾ"* ਪੰਗਤੀ ਦਾ ਗਾਇਨ ਡੰਡੌਤ ਬੰਦਨਾਂ ਵਿਚ ਕਿਸੇ ਚੰਗੇ ਕਲਾਸੀਕਲ ਗਾਇਕ ਵਾਂਗ ਬਿਲੰਬਤ ਖੜੇ ਖਿਆਲ ਵਿਚ ਗਾ ਰਹੇ ਜਦੋਂ ਬਾਰ ਬਾਰ ਵੱਖਰੀਆਂ ਸੁਰ ਸੰਗਤੀਆਂ ਵਿਚ *"ਤੇਰੀ ਸਰਣ ਮੇਰੇ ਦਿਆਲਾ, ਓ ਮੇਰੇ ਦੀਨ ਦਿਆਲਾ"* ਕਹਿੰਦੇ ਇਉਂ ਮਹਿਸੂਸ ਹੁੰਦਾ ਜਿਵੇਂ ਕੋਈ ਧੁਰ ਅੰਦਰੋਂ ਬਿਹਬਲਤਾ ਨਾਲ ਪੁਕਾਰ ਰਿਹਾ ਹੋਵੇ। ਰਾਗ ਪਹਾੜੀ ਵਿਚ ਸ਼ਬਦ ਸ਼ੁਰੂ ਹੋਇਆ ਤਾਲ ਦੀਪਚੰਦੀ, ਰਾਗ ਦਾ ਤੇ ਸ਼ਬਦ ਦਾ ਅਜਿਹਾ ਸੁਮੇਲ ਰੱਖਿਆ ਕਿ ਰਾਗ ਨੂੰ ਸ਼ਬਦ ਤੇ ਭਾਰੂ ਨਹੀਂ ਪੈਣ ਦਿੱਤਾ। ਨਾਲ ਹੀ ਰਾਗਾਂ ਦੀਆਂ ਵੰਨਗੀਆਂ ਸ਼ੁਰੂ ਪਹਾੜੀ ਤੋਂ ਚਾਰੂ ਕੇਸੀ, ਭੈਰਵੀ ਕਦੇ ਸੋਰਠ ਤੇ ਦੇਸ, ਕਦੇ ਸੋਹਣੀ ਕਦੇ ਮਾਰਵਾ। ਕੀਰਤਨ ਵਿਚ ਇੰਨੀ ਛੇਤੀ ਅਤੇ ਇੰਨੇ ਸੌਖੇ ਢੰਗ ਨਾਲ (ਸੁਰ ਸੰਗਤੀਆਂ) ਲਾ ਕੇ ਦੱਸ ਦੇਣਾ ਕਿ ਸੋਰਠ ਕਿਥੇ ਹੈ ਅਤੇ ਦੇਸ ਕਿਥੇ ਹੈ। ਆਮ ਤੌਰ ਤੇ ਇਹਨਾਂ ਦੋਵਾਂ ਰਾਗਾਂ ਨੂੰ ਨਿਖੇੜਨਾ ਸ਼ੁੱਧ ਰੱਖਣਾ ਬੜਾ ਧਿਆਨ ਮੰਗਦੇ ਹਨ। ਇਸੇ ਤਰ੍ਹਾਂ ਹੋਰ ਬਹੁਤ ਸਾਰੇ ਰਾਗ ਹਨ ਜੋ ਸਮ ਪ੍ਰਕ੍ਰਿਤਕ ਹਨ ਉਹਨਾਂ ਨਾਲ ਨਿਆਂ ਕਰਨਾ ਬੜਾ ਰਿਆਜ ਅਤੇ ਸਾਧਨਾ ਮੰਗਦਾ ਹੈ। ਰਾਗ ਅਤੇ ਸ਼ਬਦ ਦਾ ਇੰਨਾ ਪ੍ਰਭਾਵ ਕਾਇਮ ਰੱਖਣ ਵਾਲਾ ਇਹ ਕੌਣ ਹੋ ਸਕਦੈ, ਜਦ ਜਾ ਕੇ ਵੇਖਿਆ ਤਾਂ ਭਾਈ ਜਸਪਾਲ ਸਿੰਘ ਯੂ.ਐਸ.ਏ. ਵਾਲੇ। ਬੜੇ ਚਿਰਾਂ ਤੋਂ ਰੀਝ ਸੀ ਇਹਨਾਂ ਨੂੰ ਮਿਲਣ ਦੀ। ਸਮਾਂ ਲੈ ਕੇ ਅੰਮ੍ਰਿਤ ਕੀਰਤਨ ਲਈ ਮੁਲਾਕਾਤ ਕੀਤੀ।

ਭਾਈ ਜਸਪਾਲ ਸਿੰਘ ਦਾ ਜਨਮ ਭਾਈ ਗੁਰਸ਼ਰਨ ਸਿੰਘ ਦੇ ਗ੍ਰਹਿ ਆਦਮਪੁਰ ਜਲੰਧਰ ਪੰਜਾਬ ਵਿਖੇ ਹੋਇਆ। ਸੰਗੀਤ ਤਾਂ ਗੁੜ੍ਹਤੀ ਵਿਚ ਹੀ ਮਿਲਿਆ। ਪਿਤਾ ਜੀ ਆਪਣੇ ਵੇਲੇ ਦੇ ਨਾਮੀ ਕੀਰਤਨੀਏ ਸਨ। ਸੰਗੀਤ ਦੀ ਮੁੱਢਲੀ ਸਿੱਖਿਆ ਪਿਤਾ ਜੀ ਤੋਂ ਹੀ ਬਾਅਦ ਵਿਚ ਭਾਈ ਗੁਰਚਰਨ ਸਿੰਘ ਅਵਤਾਰ ਸਿੰਘ ਜਿੰਨਾਂ ਕੋਲੋਂ ਪੁਰਾਤਨ ਟਕਸਾਲੀ ਬੰਦਸ਼ਾਂ ਅਤੇ ਰਾਗ ਸਰੂਪ ਸਿੱਖੇ। ਕੁਝ ਦੇਰ ਬੰਬਈ ਆਦਿ ਸ਼ਹਿਰਾਂ ਵਿਚ ਕੀਰਤਨ ਦੀ ਸੇਵਾ ਕਰਦੇ ਰਹੇ ਅਤੇ ਚੜ੍ਹਦੀ ਉਮਰ ਵਿਚ ਹੀ ਯੂ.ਐਸ.ਏ. ਚਲੇ ਗਏ ਅਤੇ ਉਥੇ ਹੀ ਰਹਿ ਗਏ। ਪਾਕਿਸਤਾਨ ਦੇ ਮਸ਼ਹੂਰ ਗਜ਼ਲ ਗਾਇਕ ਮਹਿੰਦੀ ਹਸਨ ਜੀ ਤੋਂ ਸਿੱਖਿਆ। ਮਹਿੰਦੀ ਹਸਨ ਜੀ ਦੇ ਕਹਿਣ ਅਨੁਸਾਰ ਰਾਗ ਦਾ ਕੰਮ ਸ਼ਬਦ ਨੂੰ ਸ਼ਿੰਗਾਰਨਾ ਹੈ ਵਿਗਾੜਨਾ ਨਹੀਂ। ਏਸੇ ਨਜ਼ਰੀਏ ਕਰ ਕੇ ਇਹਨਾਂ ਦੇ ਕੀਰਤਨ ਵਿਚ ਰਾਗ ਭਾਰੂ ਨਹੀਂ ਹੋਇਆ ਹਮੇਸ਼ਾ ਸ਼ਬਦ ਦੀ ਪ੍ਰਧਾਨਤਾ ਰਹਿੰਦੀ ਹੈ। ਨਹੀਂ ਤਾਂ ਆਮ ਤੌਰ ਤੇ ਰਾਗ ਗਾਉਣ ਵਾਲੇ ਕੋਲੋਂ ਸ਼ਬਦ ਹੇਠ ਆ ਜਾਂਦਾ ਹੈ ਰਾਗ ਦੀਆਂ ਤਾਨਾਂ ਪਲਟੇ ਛਾਏ ਰਹਿੰਦੇ ਹਨ। ਭਾਈ ਜਸਪਾਲ ਸਿੰਘ ਵਿਆਖਿਆ ਵੀ ਵੱਖਰੀ ਕਿਸਮ ਦੀ ਪੜ੍ਹੇ ਲਿਖਿਆਂ ਵਾਲੀ ਕਰਦੇ ਹਨ। ਇਸ ਸਬੰਧੀ ਦੱਸਿਆ ਕਿ ਵਿਆਖਿਆ ਵਿਚਾਰ ਨੂੰ ਸਮਝਣ ਦਾ ਨਜ਼ਰੀਆ ਹੈ। ਜ਼ਿਆਦਾ ਸਮਾਂ ਅਮਰੀਕਾ ਅਤੇ ਇੰਗਲੈਂਡ ਰਹਿਣ ਕਰਕੇ ਜ਼ਿਆਦਾ ਅੰਗਰੇਜ਼ੀ ਸਾਹਿਤ ਪੜ੍ਹਿਆ। ਪੰਜਾਬੀ ਦਾ ਚੋਣਵਾਂ ਸਾਹਿਤ ਵਾਚਿਆ ਡੇ-ਟੂ-ਡੇ ਕਰੰਟ ਅਫੇਅਰਜ਼ ਪੜ੍ਹਿਆ। ਗੁਰਬਾਣੀ ਵੀ ਕਿਸੇ ਖਾਸ ਖਿਤੇ ਦੇਸ ਕੌਮ ਦੀ ਨਹੀਂ ਹੈ ਇਹ ਸਮੁੱਚੀ ਮਾਨਵਤਾ ਦੀ ਗੱਲ ਕਰਦੀ ਹੈ। ਸੰਤ ਬਾਬਾ ਈਸ਼ਰ ਸਿੰਘ ਰਾੜਾ ਸਾਹਿਬ ਵਾਲਿਆਂ ਤੇ ਅਥਾਹ ਸ਼ਰਧਾ ਰੱਖਦੇ ਕਹਿੰਦੇ ਹਨ ਪੂਰਨ ਸੰਤ ਦੀ ਕ੍ਰਿਪਾ ਸਦਕਾ ਹੀ ਜੁਗਤੀ ਰਾਹੀਂ ਅਨੁਭਵੀ ਗਿਆਨ ਦੀ ਪ੍ਰਾਪਤੀ ਹੁੰਦੀ ਹੈ। ਕਿਤਾਬੀ ਗਿਆਨ ਬਹੁਤਾ ਸਮਾਂ ਨਹੀਂ ਟਿਕ ਸਕਦਾ ਕਿਉਂ ਕਿ ਗਿਆਨ ਦੀ ਕੋਈ ਸੀਮਾ ਨਹੀਂ ਹੈ। ਜਿਵੇਂ ਮੈਡੀਕਲ ਸਾਇੰਸ ਵਿਚ ਹਰ ਰੋਜ਼ ਨਵੇਂ ਤਜ਼ਰਬੇ ਹੋ ਰਹੇ ਹਨ ਏਸੇ ਤਰ੍ਹਾਂ ਹਰ ਰੋਜ਼ ਨਵੇਂ ਤਜ਼ਰਬੇ ਰੂਹਾਨੀ ਗਿਆਨ ਅਤੇ ਰਾਗਾਂ ਵਿਚ ਵੀ ਹੋ ਰਹੇ ਹਨ। ਜਿਵੇਂ ਕਿਸੇ ਸੰਗੀਤਕਾਰ ਨੇ ਕੁਝ ਨਵੀਂ ਸੁਰ ਸੰਗਤੀ ਬੰਨ੍ਹ ਲਈ ਉਸ ਰਾਗ ਨੂੰ ਆਪਣਾ ਨਾਂ ਦੇ ਦਿੱਤਾ। ਜਿਵੇਂ ਬਿਲਾਸਖਾਨੀ ਤੋੜੀ, ਤੋੜੀ ਤਾਂ ਪਹਿਲਾਂ ਹੀ ਸੀ ਪਰ ਬਿਲਾਸ ਖਾਂ ਨੇ ਤੋੜੀ ਦੀਆਂ ਸੁਰਾਂ ਤੋਂ ਹਟ ਕੇ ਭੈਰਵੀ

ਦੇ ਨੇੜੇ ਲੈ ਆਂਦਾ ਤੋੜੀ ਤੇ ਭੈਰਵੀ ਦਾ ਐਨਾ ਸੁਮੇਲ ਕਰ ਦਿੱਤਾ ਕਿ ਆਮ ਸਰੋਤੇ ਲਈ ਸਮਝਣਾ ਅਤੇ ਗਾਇਕ ਦੀ ਇਕ ਨਿੱਕੀ ਜਿਹੀ ਸੁਰ ਸੰਗਤੀ ਲਾਉਣ ਨਾਲ ਤੋੜੀ ਤੇ ਭੈਰਵੀ ਜਾ ਰਲਣ। ਬਿਲਾਸ ਖਾਂ ਨੇ ਆਪਣੇ ਨਾਂ ਤੇ ਬਿਲਾਸਖਾਨੀ ਤੋੜੀ ਰੱਖ ਲਿਆ। ਮੀਆਂ ਤਾਨ ਸੈਨ ਨੇ ਬਹੁਤ ਸਾਰੇ ਰਾਗ ਬਣਾਏ। ਅੱਜ ਵੀ ਬਹੁਤ ਕੁਝ ਨਵਾਂ ਹੋ ਰਿਹਾ ਹੈ। ਗੁਰੂ ਨਾਨਕ ਸਾਹਿਬ ਨੇ ਉਸ ਸਮੇਂ ਉਹਨਾਂ ਰਾਗਾਂ ਦੀ ਚੋਣ ਕੀਤੀ ਜੋ ਆਮ ਲੋਕਾਂ ਦੀ ਰੁਚੀ ਨਾਲ ਮੇਲ ਖਾਂਦੇ ਸਨ। ਅੱਜ ਗੁਰਮੁਤਿ ਸੰਗੀਤ ਦੀ ਇਕ ਮਰਿਆਦਾ ਹੈ ਜੋ ਕਾਇਮ ਰਹਿਣੀ ਚਾਹੀਦੀ ਹੈ ਪਰ ਨਾਲ ਹੀ ਨਵਾਂ ਕੰਮ ਵੀ ਜਾਰੀ ਰਹਿਣਾ ਚਾਹੀਦਾ ਹੈ।

ਸੰਨ 1991 ਵਿਚ ਫਿਲਮ ਸੰਗੀਤਕਾਰ ਨੌਸ਼ਾਦ ਲਾਸ ਏਂਜਲਸ ਅਮਰੀਕਾ ਵਿਖੇ ਆਏ ਇਹ ਸਮਾਂ ਮੇਰੀ ਸੰਗੀਤਕ ਦੀਵਾਨਗੀ ਅਤੇ ਰਿਆਜ਼ ਦੀ ਸਿਖਰ ਸੀ। ਨੌਸ਼ਾਦ ਸਾਹਿਬ ਦੀ ਆਮਦ ਤੇ ਇਕ ਸੰਗੀਤ ਦੀ ਮਹਿਫਿਲ ਸਜਾਈ ਗਈ। ਬਹੁਤ ਸਾਰੇ ਕਲਾਕਾਰਾਂ ਨੇ ਉਹਨਾਂ ਦੀ ਹਾਜ਼ਰੀ ਵਿਚ ਗਾਇਆ। ਕਈਆਂ ਨੇ ਤਾਂ ਸਿਫਾਰਸ਼ ਨਾਲ ਸਮਾਂ ਲਿਆ ਜਿਵੇਂ ਕਿ ਆਮ ਰਿਵਾਜ਼ ਹੈ। ਮੈਂ ਸਰੋਤਿਆਂ ਵਿਚ ਸ਼ਾਮਲ ਸਾਂ, ਤਿਆਰੀ ਵਿਚ ਸਾਂ ਪ੍ਰਬੰਧਕਾਂ ਨੂੰ ਪਤਾ ਸੀ। ਕੁਝ ਕਲਾਕਾਰਾਂ ਦੇ ਗਾਉਣ ਤੋਂ ਬਾਅਦ ਨੌਸ਼ਾਦ ਸਾਹਿਬ ਨੇ ਕਿਹਾ, "ਅਰੇ ਭਾਈ ਕੁਝ ਐਸਾ ਭੀ ਹੈ ਜਿਸੇ ਮੈਂ ਸੁਣੂੰ" ਕਿਸੇ ਦੱਸਿਆ ਇਥੇ ਭਾਈ ਜਸਪਾਲ ਸਿੰਘ ਤੁਹਾਡੇ ਸੁਣਨ ਵਾਲੇ ਹਨ। ਸਮਾਂ ਮਿਲਿਆ ਰਾਗ ਕਲਾਵਤੀ ਵਿਚ ਛੋਟਾ ਖਿਆਲ ਅਤੇ ਤਰਾਨਾ ਗਾਇਆ ਨਾਲ ਹੀ ਰਾਗ ਕੌਸੀ ਧਾਨੀ ਵਿਚ ਬਹਾਦਰ ਸ਼ਾਹ ਜਫਰ ਦੀ ਗਜ਼ਲ ਗਾਈ। ਗਜ਼ਲ ਦੇ ਦੋ ਅੰਤਰੇ ਹੀ ਗਾਏ ਸਨ ਨੌਸ਼ਾਦ ਜੀ ਨੇ ਹੱਥ ਉਪਰ ਚੁੱਕ ਕੇ ਪੁੱਛਿਆ ਇਹ ਕਿਸ ਦੀ ਕੰਪੋਜੀਸ਼ਨ ਹੈ? ਮੈਂ ਕਿਹਾ ਮੈਂ ਹੀ ਇਸ ਦੇ ਸੁਰ ਜੋੜੇ ਹਨ। ਉਹਨਾਂ ਕਿਹਾ ਕੋਈ ਮੇਰੀ ਬਣਾਈ ਧੁਨ ਦਾ ਗੀਤ ਗਾਉ। ਮੈਂ ਦੋ ਗੀਤ ਗਾਏ। ਨੌਸ਼ਾਦ ਜੀ ਨੇ ਸਟੇਜ ਤੇ ਆਕੇ ਮਾਈਕ ਲੈ ਕੇ ਕਿਹਾ, "ਸਰਦਾਰ ਜੀ ਅਗਰ ਫਿਲਮੋਂ ਮੇਂ ਗਾਨਾ ਚਾਹੋ ਤੋ ਬੰਬਈ ਚਲੇ ਆਨਾ ਐਂਟਰੀ ਮੈਂ ਦੂੰਗਾ" ਮਨ ਵਿਚ ਬੜੀ ਕਸ਼ਮਕਸ਼ ਸ਼ੁਰੂ ਹੋਈ। ਕੀਰਤਨ ਦੀ ਦੁਨੀਆ ਵਿਚ ਸਤਿਕਾਰ ਨਹੀਂ ਅੱਜ ਇਕ ਨਵਾਂ ਦੁਆਰ ਖੁੱਲ੍ਹ ਰਿਹਾ ਹੈ ਜਿਥੇ ਗਲੈਮਰ ਹੈ ਨਾਮਣਾ ਹੈ ਧਨ ਹੈ। ਕੋਈ ਫੈਸਲਾ ਲੈਣ ਤੋਂ ਪਹਿਲਾਂ ਸੰਤ ਬਾਬਾ ਈਸ਼ਰ ਸਿੰਘ ਜੀ ਨੂੰ ਬੇਨਤੀ ਕਰਕੇ ਪੁੱਛਿਆ ਤਾਂ ਉਹਨਾਂ ਕਿਹਾ ਤੂੰ ਸਾਰੀ ਉਮਰ ਗੁਰੂ ਨਾਨਕ ਦਾ ਕੀਰਤਨ ਕਰਨ ਲਈ ਸੰਸਾਰ ਤੇ ਆਇਆ ਹੈਂ।

ਨੌਸ਼ਾਦ ਸਾਹਿਬ ਛੇ ਮਹੀਨੇ ਬਾਅਦ ਫਿਰ ਆਏ। ਮੈਂ ਮਿਲਣ ਨਹੀਂ ਗਿਆ। ਮੈਨੂੰ ਬੁਲਾਇਆ ਗਿਆ, ਮੈਂ ਕਿਹਾ ਮੈਂ ਸਿਰਫ ਆਪ ਜੀ ਨੂੰ ਮਿਲਣ ਲਈ ਆਵਾਂਗਾ ਗਾਣ ਲਈ ਨਹੀਂ। ਉਹ ਬੜੇ ਹੈਰਾਨ ਹੋਏ ਕਿ ਗਾਣ ਵਾਲੇ ਤਾਂ ਸਾਡੇ ਦਰਾਂ ਤੇ ਮੱਥੇ ਰਗੜਦੇ ਹਨ ਇਹ ਸਰਦਾਰ ਕਹਿ ਰਿਹਾ ਹੈ ਮੈਂ ਗਾਣਾ ਨਹੀਂ। ਮੈਂ ਨੌਸ਼ਾਦ ਜੀ ਨੂੰ ਦੱਸਿਆ ਕਿ ਮੈਂ ਸੰਤਾਂ ਤੋਂ ਕੀਰਤਨ ਮੰਗਿਆ ਸੀ ਇਸ ਲਈ ਮੈਂ ਕੀਰਤਨ ਨੂੰ ਸਮਰਪਿਤ ਹਾਂ। ਨੌਸ਼ਾਦ ਜੀ ਦੇ ਚਿਹਰੇ ਤੇ ਖੁਸ਼ੀ ਦੀ ਰੌਅ ਚਮਕ ਆਈ ਅਤੇ ਕਿਹਾ ਮੇਰੀ ਪ੍ਰਣਾਮ ਹੈ ਤੁਝ ਕੋ ਜੋ ਤੁਮਨੇ ਫੈਸਲਾ ਲੀਆ ਯੇ ਬੜੀ ਬਾਤ ਹੈ। ਮੇਰੀ ਦੁਆ ਹੈ ਕਿ ਤੁਮ ਇਸ ਮੇਂ ਕਾਮਯਾਬ ਹੋ। ਹਮਾਰੀ ਦੁਨੀਆ ਚਾਰ ਦਿਨ ਕੀ ਹੈ ਆਪ ਨੇ ਸਦੀਵੀ ਮਾਂਗਾ ਹੈ। ਇਕ ਵਾਰੀ ਜਗਜੀਤ ਸਿੰਘ ਚਿਤਰਾ ਸਿੰਘ ਦੇ ਪ੍ਰੋਗਰਾਮ ਵਿਚ ਗਾਇਆ। ਉਹਨਾਂ ਵੀ ਕਿਹਾ ਭਾਪੇ ਇਥੇ ਕੀ ਕਰਦੇ ਹੋ ਆ ਜਾਉ ਬੰਬਈ ਤਾਂ ਮੈਂ ਕਿਹਾ ਕਾਮਯਾਬ ਤਾਂ ਹੋ ਜਾਵਾਂਗਾ ਪਰ ਸਿੱਖੀ ਸਰੂਪ ਤਿਆਗ ਕੇ। ਅਜਿਹੀ ਕਾਮਯਾਬੀ ਮੈਂ ਨਹੀਂ ਚਾਹੁੰਦਾ।

ਸੰਸਾਰ ਦੇ ਸਾਰੇ ਵੱਡੇ-ਵੱਡੇ ਸਮਾਗਮਾਂ ਵਿਚ ਗੁਰਬਾਣੀ ਦਾ ਕੀਰਤਨ ਕੀਤਾ। ਸੰਗਤਾਂ ਨੇ ਅਥਾਹ ਪਿਆਰ ਦਿੱਤਾ। ਬੰਬਈ, ਦਿੱਲੀ, ਚੰਡੀਗੜ੍ਹ ਸ਼ਹਿਰਾਂ ਦੇ ਸਾਰੇ ਗੁਰਦੁਆਰਿਆਂ ਵਿਚ ਕੀਰਤਨ ਵਿਆਖਿਆ ਦੇ ਪ੍ਰਵਾਹ ਚਲਾਏ। ਸੰਗਤਾਂ ਨੇ ਭਰਭੂਰ ਹੁੰਗਾਰਾ ਦਿੱਤਾ। ਕਮਾਲ ਦੀ ਗੱਲ ਕਮੇਟੀ ਤੋਂ ਕੋਈ ਮੰਗ ਨਹੀਂ। ਕੀਰਤਨ ਵਿਚ ਬੰਸਰੀ ਵਾਦਕ ਸੰਗਤ ਕਰੇ ਪਹਿਲੀ ਵਾਰ ਵੇਖਿਆ। ਬੰਸਰੀ ਵਾਦਕ ਵੀ ਕੋਈ ਆਮ ਨਹੀਂ ਸਿਆਣੇ ਕਲਾਕਾਰ ਜੋ ਸੰਗਤ ਕਰ ਸਕਣ। ਤਬਲਾ ਸੰਗਤ ਭਾਈ ਜਸਵਿੰਦਰ ਸਿੰਘ ਪੱਪੂ ਇਥੇ ਵੀ ਨਵਾਂ ਤਜਰਬਾ ਦੋ ਪੁੜੇ ਰੱਖੇ ਜਾਂਦੇ ਇਕ ਮੰਦਰ ਪੰਚਮ ਅਤੇ ਦੂਸਰਾ ਦੂਸਰੇ ਕਾਲੇ ਦਾ। ਜਦੋਂ ਸ਼ਬਦ ਦਾ ਗਾਇਨ ਹੁੰਦਾ ਤਾਂ ਨੀਵਾਂ ਤਬਲਾ ਵਜਾਇਆ ਜਾਂਦਾ ਜਿਸ ਉਪਰ ਪਖਾਵਜ ਅੰਗ ਦੀ ਕੀਤੀ ਸੰਗਤ ਵਧੀਆ ਪ੍ਰਭਾਵ ਅਤੇ ਰਸ ਪ੍ਰਦਾਨ ਕਰਦੀ। ਲਾਈਟ ਵਿਚ ਉਚੇ ਸੁਰ ਵਾਲਾ ਪੁੜਾਂ। ਇਸ ਤਰ੍ਹਾਂ-ਸ਼ਬਦ ਦਾ ਪ੍ਰਭਾਵ ਅਤੇ ਵਿਆਖਿਆ ਸਮੇਂ ਮਨ ਦਾ ਟਿਕਾਉ ਬਣਿਆ ਰਿਹਾ। ਅੱਜ ਦੇ ਕੈਸਟ ਯੁਗ ਵਿਚ ਟੀ ਸੀਰੀਜ਼ ਵੱਲੋਂ ਕੈਸਟਾਂ ਅਤੇ

ਸੀਡੀਜ਼ ਮਾਰਕੀਟ ਵਿਚ ਹਨ। ਈ.ਟੀ.ਸੀ. ਪੰਜਾਬੀ ਚੈਨਲ ਵੱਲੋਂ "ਗੁਰਬਾਣੀ ਐਜੂਕੇਸ਼ਨ" ਸਿਰਲੇਖ ਹੇਠ ਹਰ ਹਫਤੇ ਦੋ ਦਿਨ ਪ੍ਰੋਗਰਾਮ ਪੇਸ਼ ਕੀਤਾ ਜਾਂਦਾ ਹੈ। ਈ.ਟੀ.ਸੀ. ਪੰਜਾਬੀ ਵੱਲੋਂ ਭਾਈ ਜਸਪਾਲ ਸਿੰਘ ਜੀ ਦੇ ਹਰੇਕ ਕੀਰਤਨ ਦੀ ਲਾਈਵ ਰਿਕਾਰਡਿੰਗ ਕੀਤੀ ਜਾਂਦੀ ਹੈ ਤਾਂ ਕਿ ਸੰਗਤਾਂ ਨੂੰ ਲੰਬੇ ਸਮੇਂ ਤੱਕ ਗੁਰਬਾਣੀ ਕੀਰਤਨ ਅਤੇ ਗੁਰਮਤਿ ਵਿਆਖਿਆ ਪੁਰਤਨਤਾ ਅਤੇ ਅੱਜ ਦੇ ਮਨੁੱਖ ਦੀ ਮਾਨਸਿਕਤਾ ਅਨੁਸਾਰ ਸਰਵਣ ਕਰਵਾਈ ਜਾ ਸਕੇ। ਭਾਈ ਜਸਪਾਲ ਸਿੰਘ ਯੂ.ਐਸ.ਏ. ਵੱਲੋਂ ਅੰਮ੍ਰਿਤ ਕੀਰਤਨ ਦਾ ਵਿਸ਼ੇਸ਼ ਧੰਨਵਾਦ ਕਰਦਿਆਂ ਡਾਕਟਰ ਜਾਗੀਰ ਸਿੰਘ ਦੁਆਰਾ ਕੀਤੀ ਉਦਮ ਦੀ ਸਰਾਹਨਾ ਕਰਦਿਆਂ ਸ਼ੁਭ ਇਛਾਵਾਂ ਭੇਜੀਆਂ ਗਈਆਂ।

---

*ਗੁਰਮਤਿ ਸੰਗੀਤ ਵਿਦਿਆਲਾ, ਸੰਗਰੂਰ*

*98882 61767*

# ਕੀਰਤਨਕਾਰ ਬੀਬੀ ਲਵਪ੍ਰੀਤ ਕੌਰ ਖਾਲਸਾ

ਪ੍ਰੋ. ਮੰਗਤ ਸਿੰਘ ਮਸਤਾਨਾ

ਗੁਰਬਾਣੀ ਦਾ ਫੁਰਮਾਨ ਹੈ-

*ਕਲਿਜੁਗ ਮਹਿ ਕੀਰਤਨ ਪ੍ਰਧਾਨਾ,*
*ਗੁਰਮੁਖਿ ਜਪੀਐ ਲਾਇ ਧਿਆਨਾ॥*
*ਆਪ ਤਰੈ ਸਗਲੇ ਕੁਲ ਤਾਰੈ*
*ਹਰਿ ਦਰਗਹਿ ਪਤ ਸਿਉ ਜਾਇਦਾ॥*

ਇਸ ਪਾਵਨ ਮਹਾਂਵਾਕ ਅਨੁਸਾਰ ਬੀਬੀ ਲਵਪ੍ਰੀਤ ਕੌਰ ਖਾਲਸਾ ਗੁਰਬਾਣੀ ਦਾ ਸ਼ਬਦ ਕੀਰਤਨ ਕਰਦੇ ਹਨ। ਇਹਨਾਂ ਦੇ ਪਿਤਾ ਸਰਦਾਰ ਸੁਖਵਿੰਦਰ ਸਿੰਘ ਜੀ ਜੋ ਕਿ ਪ੍ਰਸਿੱਧ ਮਿਊਜਿਕ ਮਾਸਟਰ ਸੁਰਗਵਾਸੀ ਹਰਦੇਵ ਸਿੰਘ ਜੀ ਪਾਸੋਂ ਸੰਗੀਤ ਸਿੱਖਦੇ। ਉਹਨਾਂ ਨੂੰ ਗੀਤ, ਲੋਕ ਗੀਤ ਗਾਉਣ ਦਾ ਬਹੁਤ ਸ਼ੌਕ ਹੈ। ਲਵਪ੍ਰੀਤ ਕੌਰ ਖਾਲਸਾ ਨੂੰ ਤਕਰੀਬਨ 5-6 ਸਾਲ ਦੀ ਉਮਰ ਵਿਚ ਗਾਉਣ ਦਾ ਸ਼ੌਕ ਪੈਦਾ ਹੋਇਆ। ਇਹਨਾਂ ਨੇ ਆਪਣੀ ਮੰਮੀ (ਗੁਰਪ੍ਰੀਤ ਕੌਰ) ਪਾਸੋਂ ਸ਼ਬਦ ਕੀਰਤਨ ਸਿੱਖਣਾ ਸ਼ੁਰੂ ਕੀਤਾ। ਲਵਪ੍ਰੀਤ ਕੌਰ ਖਾਲਸਾ ਦਾ ਜਨਮ 6-12-1996 ਨੂੰ ਮਲੋਟ ਮੰਡੀ ਵਿਖੇ ਹੋਇਆ। ਇਸਤਰੀ ਸਤਿਸੰਗ ਸਭਾ ਗੁਰਦੁਆਰਾ ਵਿਸ਼ਵਕਰਮਾ ਭਵਨ ਮਲੋਟ ਦੀ ਸੰਗਤ ਕਰਨ ਨਾਲ ਲਵਪ੍ਰੀਤ ਕੌਰ ਖਾਲਸਾ ਨੂੰ ਗੁਰੂ ਵਾਲੀ ਬਣਨ (ਅੰਮ੍ਰਿਤ ਛਕਣ) ਦੀ ਦਾਤ ਪ੍ਰਾਪਤ ਹੋਈ। ਉਸ ਤੋਂ ਉਪਰੰਤ ਦਾਸ ਪਾਸੋਂ ਲਵਪ੍ਰੀਤ ਕੌਰ ਖਾਲਸਾ ਨੇ ਬਾਕਾਇਦਾ ਸੰਗੀਤ ਦੀ ਤਾਲੀਮ (ਕੀਰਤਨ ਸਿੱਖਿਆ) ਹਾਸਲ ਕੀਤੀ। ਇਹ ਬੱਚੀ ਪੰਜਵੀਂ ਕਲਾਸ ਦੀ ਵਿਦਿਆਰਥਣ ਹੈ। ਇਸ ਦਾ ਵਿਚਾਰ ਹੈ ਕਿ ਮੈਂ ਕਿਸੇ ਪ੍ਰਸਿੱਧ ਸੰਗੀਤ (ਸ਼ਬਦ ਕੀਰਤਨ) ਦੇ ਮੁਕਾਬਲੇ ਵਿਚ ਭਾਗ ਲਵਾਂ ਅਤੇ ਕਲਾ ਨੂੰ ਹੋਰ ਵੀ ਵਧਾ ਸਕਾਂ, ਰੇਡੀਓ ਅਤੇ ਦੂਰਦਰਸ਼ਨ ਤੇ ਵੀ ਆਪਣਾ ਪ੍ਰੋਗਰਾਮ ਪੇਸ਼ ਕਰਾਂ। ਦੇਸ਼ ਵਿਦੇਸ਼ਾਂ ਵਿਚ ਜਾ ਕੇ ਸ਼ਬਦ ਕੀਰਤਨ ਦੀ ਸੇਵਾ ਕਰ ਸਕਾਂ। ਇਹ ਬੱਚੀ ਬਿਨਾਂ ਕਿਸੇ ਲਾਲਚ ਦੇ ਨਿਸ਼ਕਾਮ ਕੀਰਤਨ ਦੀ ਸੇਵਾ ਕਰ ਰਹੀ ਹੈ। ਆਦਰਸ਼ ਨਗਰ ਮਲੋਟ ਵਿਖੇ ਇਹਨਾਂ ਦਾ ਨਿਵਾਸ ਅਸਥਾਨ ਹੈ। ਇਸ ਜੱਥੇ ਦਾ ਸੰਪਰਕ ਫੋਨ 99159-89589 ਹੈ। ਮਲੋਟ ਦੀ ਹਰੇਕ ਧਾਰਮਿਕ ਸੰਸਥਾ ਬੀਬੀ ਲਵਪ੍ਰੀਤ ਕੌਰ ਖਾਲਸਾ ਨੂੰ ਸ਼ਬਦ ਕੀਰਤਨ ਲਈ ਸੇਵਾ ਦਾ ਮੌਕਾ ਦਿੰਦੀ ਹੈ।

*ਸੀ-1650, ਕੇਅਰ ਆਫ ਸੰਗਮ ਰੇਡੀਓ ਐਂਡ ਟੀ.ਵੀ.*
*ਰਜਿ. ਜੀ.ਟੀ. ਰੋਡ ਮਲੋਟ, (ਮੁਕਤਸਰ)*

# ਮੇਰੀ ਸੰਗੀਤ ਸਿਖਲਾਈ

ਬੀਬਾ ਵਰਿੰਦਰ ਕੌਰ ਜੀ

ਮੈਨੂੰ ਡਾਕਟਰ ਜਾਗੀਰ ਸਿੰਘ ਹੋਰਾਂ ਦਾ ਕੀਰਤਨ ਚੰਗਾ ਲਗਦਾ ਹੈ। ਉਹ ਸਹਿਜ ਵਿਚ ਠਹਿਰਾਉ ਨਾਲ ਸ਼ਬਦ ਨੂੰ ਫੀਲ ਕਰਕੇ ਗਾਉਂਦੇ ਹਨ। ਸਾਡੇ ਸਰਕਲ ਦੀ ਸਾਰੀ ਹੀ ਸੰਗਤ ਬੜੇ ਪਿਆਰ ਨਾਲ ਉਹਨਾਂ ਦਾ ਕੀਰਤਨ ਸੁਣਦੀ ਹੈ। ਅੱਜ ਕੱਲ੍ਹ ਉਹ ਸਾਡੇ ਫੈਮਿਲੀ ਰਾਗੀ ਹਨ। ਮੇਰਾ ਮਨ ਵੀ ਉਹਨਾਂ ਕੋਲੋਂ ਕੀਰਤਨ ਸਿੱਖਣ ਲਈ ਤਾਂਘਿਆ। ਕੁਝ ਦਿਨ ਮੈਂ ਉਹਨਾਂ ਕੋਲ ਗਈ ਵੀ। ਉਹਨਾਂ ਨੇ ਮੈਨੂੰ ਪ੍ਰੇਰਨਾ ਦਿੱਤੀ ਕਿ ਮੈਂ ਆਪਣਾ ਕੀਰਤਨ ਰਿਕਾਰਡ ਕਰਵਾਵਾਂ। ਇਕ ਦਿਨ ਬੈਠਿਆਂ ਕੁਝ ਸੰਗੀਤ ਉਸਤਾਦਾਂ ਦੀਆਂ ਗੱਲਾ ਚੱਲੀਆਂ ਤਾਂ ਉਹਨਾਂ ਕਿਹਾ ਕਿ ਮੈਂ ਆਪਣੇ ਸੰਗੀਤ ਉਸਤਾਦਾਂ ਬਾਰੇ ਕੁਝ ਲਿਖਾਂ। ਆਪਣੀਆਂ ਕੁਝ ਯਾਦਾਂ ਅੰਮ੍ਰਿਤ ਕੀਰਤਨ ਦੇ ਪਾਠਕਾਂ ਨਾਲ ਸਾਂਝੀਆਂ ਕਰ ਰਹੀ ਹਾਂ। ਅਸਲ ਵਿਚ ਮੈਂ ਆਪਣੇ ਸੰਗੀਤ ਉਸਤਾਦਾਂ ਨੂੰ ਸ਼ਰਧਾ ਦੇ ਫੁੱਲ ਭੇਟ ਕਰ ਰਹੀ ਹਾਂ। ਮੇਰੇ ਸਾਰੇ ਹੀ ਉਸਤਾਦ ਅਤੇ ਸੰਗੀਤ ਅਧਿਆਪਕ ਬੜੇ ਗੁਣੀ ਸਨ। ਮੈਂ ਜੋ ਕੁਝ ਵੀ ਅੱਜ ਗਾ ਸਕਦੀ ਹਾਂ, ਉਹ ਉਹਨਾਂ ਉਸਤਾਦਾਂ ਦੀ ਮਿਹਨਤ ਸਦਕਾ ਹੈ। ਮੈਨੂੰ ਪਤਾ ਹੈ ਮੇਰੇ ਗਾਇਨ ਵਿਚ ਕੁਝ ਕਮਜ਼ੋਰੀਆਂ ਹਨ ਪਰ ਇਹ ਮੇਰੇ ਆਪਣੇ ਰਿਆਜ਼ ਨਾ ਕਰਨ ਕਰਕੇ ਹੈ ਇਸ ਵਿਚ ਉਸਤਾਦਾਂ ਦਾ ਕੋਈ ਦੋਸ਼ ਨਹੀਂ।

ਮੈਨੂੰ ਆਪਣਾ ਬਚਪਨ ਯਾਦ ਆਉਂਦਾ ਹੈ। ਮੇਰੇ ਮਾਤਾ ਪਿਤਾ ਨੇ ਲਾਹੌਰ ਵਿਚ ਹੀ ਮੇਰੇ ਲਈ ਇਕ ਸੰਗੀਤ ਉਸਤਾਦ ਨੀਯਤ ਕੀਤਾ ਸੀ। ਮੈਨੂੰ ਉਹਨਾਂ ਦਾ ਗਾਇਨ ਚੰਗਾ ਨਹੀਂ ਸੀ ਲਗਦਾ। ਇਸ ਲਈ ਮੈਂ ਸੰਗੀਤ ਸਿੱਖਣਾ ਨਹੀਂ ਚਾਹੁੰਦੀ ਸੀ। ਪਰ ਸਾਡੇ ਘਰਾਂ ਵਿਚ ਸੰਤ ਸੁਜਾਨ ਸਿੰਘ ਹੋਰਾਂ ਦਾ ਬਹੁਤ ਸਤਿਕਾਰ ਸੀ। ਉਹਨਾਂ ਦਾ ਕੀਰਤਨ ਮੈਨੂੰ ਬਹੁਤ ਚੰਗਾ ਲਗਦਾ ਸੀ।

ਅਸਲ ਵਿਚ ਕਲਾਸੀਕਲ ਸੰਗੀਤ ਸਿੱਖਣ ਦੀ ਰੁਚੀ ਉਹਨਾਂ ਦਾ ਕੀਰਤਨ ਸੁਣਨ ਕਰਕੇ ਹੀ ਹੋਈ। ਹੁਣ ਵੀ ਕਦੀ ਕਦੀ ਮੈਨੂੰ ਆਪਣੇ ਸ਼ਬਦ ਗਾਇਨ ਵਿਚ ਸੰਤ ਜੀ ਦਾ ਪ੍ਰਭਾਵ ਮਹਿਸੂਸ ਹੁੰਦਾ ਹੈ।

ਬਚਪਨ ਤੋਂ ਹੀ ਰੇਡੀਓ ਤੋਂ ਇਕ ਆਵਾਜ਼ ਮੈਨੂੰ ਬਹੁਤ ਖਿੱਚ ਪਾਉਂਦੀ ਸੀ। ਜਦੋਂ ਕਿਤੇ ਰੇਡੀਓ ਤੋਂ ਉਹ ਗਾਇਨ ਸ਼ੁਰੂ ਹੁੰਦਾ ਮੇਰੇ ਪੈਰ ਜਿਵੇਂ ਰੁਕ ਜਾਂਦੇ। ਫਿਰ ਪਾਕਿਸਤਾਨ ਬਣਨ ਤੋਂ ਬਾਅਦ ਇਧਰ ਆ ਗਏ। ਮੈਂ ਪੜ੍ਹਨ ਲਿਖਣ ਵਿਚ ਰੁੱਝ ਗਈ। ਫਿਰ ਸ਼ਾਇਦ 1965-1966 ਵਿਚ ਦਿੱਲੀ ਸਪਰੂ ਹਾਊਸ ਵਿਚ ਉਹੀ ਆਵਾਜ਼ ਸੁਣੀ ਤਾਂ ਪਤਾ ਲੱਗਾ ਕਿ ਇਹ ਤਾਂ ਬੜੇ ਗੁਲਾਮ ਅਲੀ ਖਾਂ ਸਾਹਿਬ ਹਨ। ਨਾਲ ਹੀ ਉਹਨਾਂ ਦੇ ਬੇਟੇ ਮੁਨੱਵਰ ਅਲੀ ਖਾਂ ਸਾਹਿਬ ਹਨ। ਮੇਰਾ ਮਨ ਉਹਨਾਂ ਕੋਲੋਂ ਗਾਇਨ ਸਿੱਖਣ ਲਈ ਤਾਂਘਣੀ ਲਗ ਪਿਆ। ਉਸ ਪ੍ਰੋਗਰਾਮ ਤੋਂ ਬਾਅਦ ਮੈਂ ਆਪਣੀ ਭੂਆ ਅਤੇ ਭੈਣ ਨਾਲ ਮੁਨੱਵਰ ਅਲੀ ਖਾਂ ਸਾਹਿਬ ਕੋਲ ਜਾ ਪੁੱਜੀ ਤੇ ਸੰਗੀਤ ਸਿੱਖਣ ਲਈ ਬੇਨਤੀ ਕੀਤੀ। ਉਹਨਾਂ ਨੇ ਅਗਲੇ ਦਿਨ ਆਪਣੇ ਘਰ ਬੁਲਾਇਆ ਤੇ ਮੇਰੀ ਆਵਾਜ਼ ਸੁਣੀ। ਉਹ ਸੰਗੀਤ ਸਿਖਾਉਣਾ ਮੰਨ ਗਏ ਅਤੇ ਨਾਲ ਹੀ ਕਰੜੀ ਮਿਹਨਤ ਕਰਨ ਦਾ ਪ੍ਰਣ ਮੇਰੇ ਤੋਂ ਲਿਆ।

ਮੇਰੇ ਪਤੀ (ਬ੍ਰਿਗੇਡੀਅਰ ਨਰਜੀਤ ਸਿੰਘ) ਫੌਜ ਵਿਚ ਸਨ। ਉਹ ਉਹਨੀਂ ਦਿਨੀਂ ਬਾਹਰ ਸਨ। ਮੈਂ ਆਪਣੇ ਮਾਤਾ-ਪਿਤਾ ਤੇ ਆਪਣੇ ਪਤੀ ਪਾਸੋਂ ਸੰਗੀਤ ਸਿੱਖਣ ਦੀ ਇਜ਼ਾਜਤ ਲੈ ਲਈ।

ਖਾਂ ਸਾਹਿਬ ਵੱਲੋਂ ਦਿੱਤਾ ਪਹਿਲਾ ਲੈਸਨ ਮੈਨੂੰ ਅਜੇ ਵੀ ਯਾਦ ਹੈ। ਉਹ ਇਕ ਘਟਨਾ ਸੀ-

ਸਾ........,ਰੇ..............,ਗਾ..........

ਵਿਲੰਬਤ ਲੈਅ ਵਿਚ ਸਾ, ਰੇ, ਸਾ, ਰੇ ਗਾ ਰੇ, ਸਾ ਰੇ ਗਾ, ਰੇ ਗਾ ਸਾ ਸਾ ਦਾ ਰਿਆਜ਼ ਰੋਜ਼ ਪੰਜ ਮਿੰਟ, ਆਕਾਰ ਵਿਚ ਆਵਾਜ਼ ਲਗਾਉਣ ਦਾ ਵਿਸ਼ੇਸ਼ ਢੰਗ ਦੱਸਿਆ ਕਿ ਕਿਵੇਂ ਅਵਾਜ਼ ਮਿੱਠੀ ਹੋ ਕੇ ਨਿਕਲੇ। ਤਿੰਨ ਮਹੀਨੇ ਰਿਆਜ਼ ਕੀਤਾ। ਪਰ ਕੁਝ ਕਾਰਨਾਂ ਕਰਕੇ ਸਿਖਲਾਈ ਬੰਦ ਹੋ ਗਈ। ਫਿਰ ਅੱਠ ਸਾਲ ਗੁਜਰ ਗਏ ਪਰਿਵਾਰਕ ਰੁਝੇਵਿਆਂ ਵਿਚ। ਫਿਰ ਚੰਡੀਗੜ੍ਹ ਆ ਗਏ। ਇਕ ਦਿਨ ਕਿਸੇ ਥਾਂ ਤੇ ਪੰਮੀ ਪੁਰੀ ਜੀ ਦਾ ਗਾਇਨ ਸੁਣਿਆ। ਉਹਨਾਂ ਦੇ ਗਾਇਨ ਵਿਚੋਂ ਮੁਨੱਵਰ ਅਲੀ ਖਾਂ

ਸਾਹਿਬ ਦੇ ਗਾਣੇ ਦੀ ਖੁਸ਼ਬੂ ਆ ਰਹੀ ਸੀ। ਮੈਂ ਉਹਨਾਂ ਕੋਲੋਂ ਰਿਆਜ਼ ਕਰਨ ਲੱਗ ਪਈ। ਉਹ ਕਹਿਣ ਲੱਗੇ ਜਿਵੇਂ ਬੀਜ ਪਾਉਣ ਤੋਂ ਪਹਿਲਾਂ ਖੇਤ ਦੀ ਤਿਆਰੀ ਕੀਤੀ ਜਾਂਦੀ ਹੈ ਇਸੇ ਤਰ੍ਹਾਂ ਆਪਾਂ ਤਿਆਰੀ ਕਰਨੀ ਹੈ। ਜਦੋਂ ਮੇਰੀ ਗੰਭੀਰਤਾ ਦੇਖੀ ਤਾਂ ਫਿਰ ਉਹ ਮੈਨੂੰ ਖਾਂ ਸਾਹਿਬ ਕੋਲ ਦਿੱਲੀ ਲੈ ਗਏ। ਫਿਰ ਸਿੱਖਣਾ ਸ਼ੁਰੂ ਕੀਤਾ।

ਮੇਰੇ ਪਤੀ ਬ੍ਰਿਗੇਡੀਅਰ ਨਰਜੀਤ ਸਿੰਘ ਜੀ ਨੇ ਬਹੁਤ ਉਤਸ਼ਾਹਤ ਕੀਤਾ। ਖਾਂ ਸਾਹਿਬ ਦਾ ਸਿਖਾਉਣ ਦਾ ਤਰੀਕਾ ਬਹੁਤ ਨਿਵੇਕਲਾ ਸੀ। ਹੁਣ ਤਾਂ ਨਾ ਸਿੱਖਣ ਵਾਲਿਆਂ ਕੋਲ ਧੀਰਜ ਹੈ ਤੇ ਨਾ ਸਿਖਾਉਣ ਵਾਲਿਆਂ ਕੋਲ। ਰੱਬ ਮਿਹਰ ਕਰੇ।

---

098766 41937

# THE SINGER

Satjit Wadva

Nanak the seeker
Turned into Guru Nanak the singer
The man in pain and agony
Pining for this beloved
Had arrived and attained
And become one with the beloved.

Nanak attained God by singing to him.
Nanak's path is decorated with songs.
He was neither an ascetic nor a yogi
He only sang and sang
And singing he arrived.

He sang with all his heart and soul
His singing become his meditation
His singing become his yoga
His singing become his tapasya.

Heaven is where the divine song is sung
Nanak sang of the music of His abode
Where every creature big or small
Is singing to the lord of the universe.

Nanak's path is strewn with songs
Whatever he has said is in verse.
All his verses are set to music
His path is full of melody
Filled with the flavour of amrit.

Nanak was intoxicated with the divine
He drank unmindful of how much he drank
Then he sang and sang and sang.
His songs are descriptions of his experience.
They reflect the divine within them.

---

*Courtesy "The Singer Divine"*
*14, Hemkunt Colony, New Delhi, Ph. 011-4163095*

# ਸੁਰ ਲਿਪੀ

ਹਰਦੀਪ ਕੌਰ

**ਰਾਗੁ ਨਟ-ਨਾਰਾਇਣ**

ਨਟ ਨਾਰਾਇਣ ਭਾਰਤੀ ਸੰਗੀਤ ਦਾ ਪ੍ਰਸਿੱਧ ਰਾਗ ਹੈ। ਬਿਲਾਵਲ ਥਾਟ ਦੇ ਇਸ ਰਾਗ ਵਿਚ ਮੱਧਮ ਤੀਵਰ ਦਾ ਪ੍ਰਯੋਗ ਕੇਵਲ ਪੰਚਮ ਸੁਰ ਦੇ ਨਾਲ ਕੀਤਾ ਜਾਂਦਾ ਹੈ। ਆਰੋਹ ਵਿਚ ਸੱਤ ਸੁਰ ਅਤੇ ਅਵਰੋਹ ਵਿਚ ਧੈਵਤ ਤੇ ਗੰਧਾਰ ਵਕਰ ਢੰਗ ਨਾਲ ਲੱਗਦੇ ਹਨ। ਜਾਤੀ ਸੰਪੂਰਣ ਔਡਵ ਜਾਂ ਵਕਰ-ਸੰਪੂਰਣ ਹੈ। ਵਾਦੀ ਪੰਚਮ ਅਤੇ ਸੰਵਾਦੀ ਰਿਸ਼ਭ ਹੈ। ਗਾਉਣ ਦਾ ਸਮਾਂ ਰਾਤ ਦਾ ਦੂਜਾ ਪਹਿਰ ਹੈ। ਇਸ ਵਿਚ ਕੁਝ ਸਾਰੰਗ ਰਾਗ ਦੀ ਝਲਕ ਹੈ। ਨਟ ਅਤੇ ਨਟ ਨਾਰਾਇਣ ਸਮਪ੍ਰਾਕ੍ਰਿਤ ਰਾਗ ਹੈ।

ਥਾਟ : ਬਿਲਾਵਲ (ਦੋਵੇਂ 'ਮ')

ਜਾਤੀ : ਸੰਪੂਰਣ-ਔਡਵ

ਸਮਾਂ : ਰਾਤ ਦਾ ਦੂਸਰਾ ਪਹਿਰ　　ਵਾਦੀ : ਪ　　ਸੰਵਾਦੀ : ਰ

ਆਰੋਹ : ਸ ਗ ਮ ਰ ਮ॑ ਪ ਧ ਨ ਸੰ।　　ਅਵਰੋਹ : ਸੰ ਧ ਪ, ਮ॑ਧਪ, ਗਮ ਰ ਸ।

ਮੁੱਖ ਅੰਗ : ਸ ਮ ਗ ਮ॑ ਪ, ਧ ਪ, ਮ, ਗ ਮ ਰ ਸ।

ਰੂਪਕ ਤਾਲ

| 1 | 2 | 3 | 4 | 5 | 6 | 7 | 1 | 2 | 3 | 4 | 5 | 6 | 7 |
|---|---|---|---|---|---|---|---|---|---|---|---|---|---|
| X | | | 2 | | 3 | | X | | | 2 | | 3 | |
| ਸਥਾਈ | | | | | | | | | | | | | |
| ਸ | ਰ | ਸ | ਪ | ਪ | ਮ॑ | ਪ | ਧ | ਪ | ਮ | ਗ | ਮ | ਰ | ਸ |
| ਜਾ | ऽ | ਕਉ | ਭ | ऽ | ਈ | ਤੁ | ਮਾ | ऽ | ਰੀ | ਧੀ | ऽ | ऽ | ਰ |
| S | R | S | P | P | M̍ | P | D | P | M | G | M | R | S |
| *JAA* | - | *KAO* | *BHA* | - | *EE* | *TU* | *MAA* | - | *REE* | *DHEE* | - | - | *R* |
| ਸ | ਗ | ਗ | ਮ | ਰ | ਮ॑ | ਪ | ਧ | ਪ | ਪ | ਗ | ਮ | ਰ | ਸ |
| ਜ | ਮ | ਕੀ | ਤ੍ਰਾ | ऽ | ਸ | ਮਿ | ਟੀ | ਸੁ | ਖੁ | ਪਾ | ऽ | ਇ | ਆ |
| S | G | G | M | R | M̍ | P | D | P | P | G | M | R | S |
| *JA* | *M* | *KEE* | *TARAA* | - | *S* | *MI* | *TEE* | *SU* | *KH* | *PAA* | - | *I* | *AA* |
| ਸ | ਮ | ਗ | ਮ॑ | ਮ॑ | ਪ | ਪ | ਮ | ਗ | ਮ | ਰ | ਰ | ਸ | ਸ |
| ਨਿ | ਕ | ਸੀ | ਹ | ਉ | ਮੈ | ऽ | ਪੀ | ऽ | ऽ | ਰ | ऽ | ऽ | ऽ |
| S | M | G | M̍ | M̍ | P | P | M | G | M | R | R | S | S |
| *NI* | *K* | *SEE* | *HA* | *U* | *MAI* | - | *PEE* | - | - | *R* | - | - | - |

| ਅੰਤਰਾ | | | | | | | | | | | | | |
|---|---|---|---|---|---|---|---|---|---|---|---|---|---|
| ਪ | ਪ | ਪ | ਸਂ | ਸਂ | ਸਂ | ਸਂ | ਧ | ਨ | ਸੁਰਂ | ਸਂ | ਧ | ਨ | ਪ |
| ਤਪ | ਤਿ | ਬੁ | ਝਾ | ऽ | ਨੀ | ऽ | ਅੰ | ਮ੍ਰਿ | ਤऽ | ਬਾ | ऽ | ਨੀ | ऽ |
| P | P | P | Ṡ | Ṡ | Ṡ | Ṡ | D | N | SR | Ṡ | D | N | P |
| *TAPA* | *T* | *BU* | *JHAA* | - | *NEE* | - | *A* | *MRI* | *T-* | *BAA* | - | *NEE* | - |
| ਸਂ | ਸਂ | ਸਂ | ਧ | ਨ | ਪ | ਪ | ਮ | ਗ | ਮ | ਰ | ਰ | ਸ | ਸ |
| ਤ੍ਰਿਪ | ਤੇ | ਜਿਉ | ਬਾ | ऽ | ਰਿ | ਕ | ਖੀ | ऽ | ऽ | ਰ | ऽ | ऽ | ऽ |
| Ṡ | Ṡ | Ṡ | D | N | P | P | M | G | M | R | R | S | S |
| *TARIP* | *TAI* | *JIO* | *BAA* | - | *RI* | *K* | *KHEE* | - | - | *R* | - | - | - |

# ਸੁਰ-ਲਿਪੀ ਵਾਲੇ ਸ਼ਬਦ ਦੇ ਅਰਥ

ਨਟ ਮਹਲਾ ੫ ॥

ਜਾ ਕਉ ਭਈ ਤੁਮਾਰੀ ਧੀਰ ॥
ਜਮ ਕੀ ਤ੍ਰਾਸ ਮਿਟੀ ਸੁਖੁ ਪਾਇਆ ਨਿਕਸੀ ਹਉਮੈ ਪੀਰ ॥੧॥
ਰਹਾਉ ॥

Whoever has You for suport, has the fear of death removed; peace is found, and the disease of egotism is taken away.

||1|| Pause||

ਹੇ ਪ੍ਰਭੂ! ਜਿਸ ਮਨੁੱਖ ਨੂੰ ਤੇਰੀ ਦਿੱਤੀ ਧੀਰਜ ਮਿਲ ਗਈ, ਉਸ ਦੇ ਅੰਦਰੋਂ ਮੌਤ ਦਾ ਹਰ ਵੇਲੇ ਦਾ ਸਹਿਮ ਮਿਟ ਗਿਆ, ਉਸ ਨੇ ਆਤਮਕ ਆਨੰਦ ਹਾਸਲ ਕਰ ਲਿਆ, ਉਸ ਦੇ ਮਨ ਵਿਚੋਂ ਹਉਮੈ ਦੀ ਚੋਭ ਵੀ ਨਿਕਲ ਗਈ।੧॥

ਰਹਾਉ॥

ਤਪਤਿ ਬੁਝਾਨੀ ਅੰਮ੍ਰਿਤ ਬਾਨੀ ਤ੍ਰਿਪਤੇ ਜਿਉ ਬਾਰਿਕ ਖੀਰ ॥
ਮਾਤ ਪਿਤਾ ਸਾਜਨ ਸੰਤ ਮੇਰੇ ਸੰਤ ਸਹਾਈ ਬੀਰ ॥੧॥

The fire within is quenched, and one is satisfied through the ambrosial Word of the Guru's Bani, as the baby is satisfied by milk. The Saints are my mother, father and friends. The Saints are my help and support, and my brothers.||1||

(ਹੇ ਭਾਈ! ਜਿਨ੍ਹਾਂ ਮਨੁੱਖਾਂ ਦੇ ਅੰਦਰੋਂ) ਸਤਿਗੁਰੂ ਦੀ ਆਤਮਕ ਜੀਵਨ ਦੇਣ ਵਾਲੀ ਬਾਣੀ ਨੇ ਮਾਇਆ ਦੀ ਤ੍ਰਿਸ਼ਨਾ ਦੀ ਤਪਸ਼ ਬੁਝਾ ਦਿੱਤੀ, ਉਹ (ਮਾਇਆ ਵੱਲੋਂ) ਇਉਂ ਰੱਜ ਗਏ, ਜਿਵੇਂ ਬਾਲਕ ਦੁੱਧ ਨਾਲ ਰੱਜਦੇ ਹਨ। ਹੇ ਭਾਈ! ਮੇਰੇ ਵਾਸਤੇ ਵੀ ਸੰਤ ਜਨ ਹੀ ਮਾਪੇ ਹਨ, ਸੰਤ ਜਨ ਹੀ ਸੱਜਣ ਭਰਾ ਮਦਦਗਾਰ ਹਨ। ੧॥

ਖੁਲੇ ਭ੍ਰਮ ਭੀਤਿ ਮਿਲੇ ਗੋਪਾਲਾ ਹੀਰੈ ਬੇਧੇ ਹੀਰ ॥
ਬਿਸਮ ਭਏ ਨਾਨਕ ਜਸੁ ਗਾਵਤ .ਠਾਕੁਰ ਗ _ ਨ ੀ ਗਹੀਰ ॥੨॥੨॥੩॥
(ਪੰਨਾ 978-979)

The doors of doubt are thrown open, and I have met the Lord of the World; God's diamond has pierced the diamond of my mind. Nanak blossoms forth in ecstasy, singing the Lord's Praises; my Lord and Master is the ocean of virtue.||2||2||3||

ਹੇ ਨਾਨਕ ਗੁਣਾਂ ਦੇ ਖ਼ਜ਼ਾਨੇ ਮਾਲਕ ਪ੍ਰਭੂ ਦੇ ਗੁਣ ਗਾਂਦਿਆ ਗਾਂਦਿਆਂ (ਗੁਣ ਗਾਣ ਵਾਲੇ ਮਨੁੱਖ) ਆਨੰਦ ਮਗਨ ਹੀ ਹੋ ਜਾਂਦੇ ਹਨ, (ਉਨ੍ਹਾਂ ਦੇ ਅੰਦਰੋਂ ਮਾਇਆ ਦੇ ਪਿੱਛੇ) ਭਟਕਦੇ ਫਿਰਨ ਦੇ ਭਿੱਤ ਖੁੱਲ ਜਾਂਦੇ ਹਨ, ਉਨ੍ਹਾਂ ਨੂੰ ਸ੍ਰਿਸ਼ਟੀ ਦਾ ਪਾਲਣਹਾਰ ਪ੍ਰਭੂ ਮਿਲ ਪੈਂਦਾ ਹੈ, (ਪ੍ਰਭੂ ਉਨ੍ਹਾਂ ਦੀ ਜਿੰਦ ਨੂੰ ਆਪਣੇ ਚਰਨਾਂ ਵਿਚ ਇਉਂ ਜੋੜ ਲੈਂਦਾ ਹੈ ਜਿਵੇਂ) ਹੀਰੇ ਨੂੰ ਹੀਰਾ ਵਿੰਨ੍ਹ ਲੈਂਦਾ ਹੈ।੨।੨।੩॥